ਜੈ ਗੁਰਦੇਵ! ਇਹੁ ਜਨਮੁ ਤੁਮ੍ਹਾਰੇ ਲੇਖੇ॥ ਧੰਨ ਗੁਰਦੇਵ!

ਟ੍ਰੈਕਟ ਨੰ: 23

T-23



# ਕ੍ਰਾਂਤੀ ਦੇ ਦੂਤ ਸ੍ਰੀ ਗੁਰੂ ਰਵਿਦਾਸ ਜੀ

## (ਬਾਲ ਸਾਹਿਤ)

ਪਹਿਲੀ ਵਾਰ 5000
ਫਰਵਰੀ 2012

Find us on Facebook
www.facebook.com/sgrmpsp

ਪ੍ਰਕਾਸ਼ਕ: ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਹੈਡ ਆਫਿਸ: ਪਿੰਡ ਤੇ ਡਾਕਖਾਨਾ ਬਿਨਪਾਲਕੇ, ਨੇੜੇ ਭੋਗਪੁਰ, ਜਿਲ੍ਹਾ ਜਲੰਧਰ 144201,
ਮੋਬਾਇਲ: 98148 39944 ਈਮੇਲ: sgrmpsp@hotmail.com
ਕੀਮਤ: ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ

ਪਿਆਰ ਬੱਚਿਓ! ਜੈ ਗੁਰਦੇਵ! ਧੰਨ ਗੁਰਦੇਵ। ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਪੜ੍ਹਨ-ਲਿਖਣ ਭਾਵ ਵਿਦਿਆ ਗ੍ਰਹਿਣ ਕਰਨ ਨੂੰ ਬਹੁਤ ਵੱਡਾ ਤੇ ਬਹੁਤ ਜ਼ਰੂਰੀ ਕੰਮ ਦਰਸਾਇਆ ਹੈ। ਗੁਰੂ ਜੀ ਫਰਮਾਉਂਦੇ ਹਨ:

**ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ॥**

ਭਾਵ: ਹੇ ਪ੍ਰਭੂ ਜੀ! ਮਨੁੱਖਤਾ ਨੇ ਅਵਿਦਿਆ ਭਾਵ ਅਗਿਆਨਤਾ ਨਾਲ ਮੋਹ ਪਾਇਆ ਹੋਇਆ ਹੈ ਇਸ ਕਰਕੇ ਇਸਦੀ ਬੁੱਧੀ ਦਾ ਦੀਵਾ ਧੁੰਦਲਾ ਹੋ ਚੁੱਕਾ ਹੈ। ਸੋ ਬੱਚਿਓ! ਤੁਸੀਂ ਗੁਰੂ ਜੀ ਦੀ ਇਸ ਗੱਲ ਨੂੰ ਪੱਲੇ ਬੰਨ ਲਵੋ ਕਿ ਤੁਸੀਂ ਬਹੁਤ ਉੱਚੀ ਵਿਦਿਆ ਪ੍ਰਾਪਤ ਕਰਨੀ ਹੈ। ਸਵੇਰੇ ਸਮੇਂ ਸਿਰ ਉਠਣਾ ਹੈ, ਆਪਣੇ ਮਾਤਾ-ਪਿਤਾ ਤੇ ਆਪਣੇ ਵੱਡੇ ਭੈਣ-ਭਰਾਵਾਂ ਨੂੰ ਜੈ ਗੁਰਦੇਵ ਬਲਾਉਣਾ ਹੈ। ਗੁਰੂ ਜੀ ਦੀ ਬਾਣੀ ਪੜ੍ਹਨੀ ਹੈ। ਆਪਣੇ ਪੇਪਰਾਂ, ਟੈਸਟਾਂ ਦੀ ਤਿਆਰੀ ਕਰਨੀ ਹੈ। ਫਿਰ ਨਹਾ-ਧੋ ਕੇ ਸਾਫ-ਸੁਥਰੇ ਕੱਪੜੇ ਪਾ ਕੇ ਸਮੇਂ ਸਿਰ ਸਕੂਲ ਜਾਣਾ ਹੈ। ਆਪਣੇ ਅਧਿਆਪਕਾਂ ਦੇ ਚਰਨ ਛੂਹਣੇ ਹਨ। ਫਿਰ ਅਨੁਸ਼ਾਸਨ ਵਿਚ ਰਹਿੰਦਿਆਂ ਸਕੂਲ ਵਿਚ ਸਿਖਣਾ ਪੜ੍ਹਨਾ ਹੈ। ਸਮੇਂ ਅਨੁਸਾਰ ਖੇਡਣਾ ਵੀ ਹੈ। ਫਿਰ ਸਕੂਲ ਤੋਂ ਆ ਕੇ ਰੋਟੀ ਖਾ ਕੇ ਸਕੂਲ ਦਾ ਕੰਮ ਕਰਨਾ ਹੈ ਤੇ ਘਰਦਿਆਂ ਦੇ ਕੰਮ ਵਿਚ ਸਹਾਇਤਾ ਕਰਦਿਆਂ ਤੇ ਪੜ੍ਹ ਕੇ ਸਮੇਂ ਸਿਰ ਸੌਣਾ ਹੈ।

ਬੱਚਿਓ! ਵਿੱਦਿਆ ਪ੍ਰਾਪਤ ਕਰਨਾ ਇਕ ਕਠਿਨ ਤਪੱਸਿਆ ਜਾਣੋ। ਜੋ ਬੱਚੇ ਜ਼ਿੰਦਗੀ ਦੇ 18-20 ਸਾਲ ਇਹ ਕਠਿਨ ਤਪੱਸਿਆ ਕਰਦੇ ਹਨ, ਉਹ ਬਾਕੀ ਜ਼ਿੰਦਗੀ ਦੇ 50-60 ਸਾਲ ਆਰਾਮ, ਮਾਨ -ਸਨਮਾਨ, ਚੰਗੀਆਂ ਤਨਖਾਹਾਂ




ਅਮਨਦੀਪ ਕੌਰ

ਜਾਂ ਕਮਾਈਆਂ ਨਾਲ ਜੀਵਨ ਨਿਰਵਾਹ ਕਰਦੇ ਹਨ। ਸਾਰੇ ਪਾਸੇ ਉਨ੍ਹਾਂ ਨੂੰ ਜੀ-ਜੀ ਕਿਹਾ ਜਾਂਦਾ ਹੈ। ਪ੍ਰੰਤੂ ਜੋ ਬੱਚੇ ਵਿੱਦਿਆ ਪ੍ਰਾਪਤੀ ਦੀ ਤਪੱਸਿਆ ਦੇ 18-20 ਸਾਲ ਖੇਡਣ ਮੱਲਣ, ਟੈਲੀਵਿਜ਼ਨ ਦੇਖਣ, ਫਿਲਮਾਂ ਦੇਖਣ, ਘੁੰਮਣ-ਫਿਰਨ ਵਿਚ ਗਵਾ ਲੈਂਦੇ ਹਨ, ਉਨ੍ਹਾਂ ਨੂੰ ਜ਼ਿੰਦਗੀ ਦੇ ਬਾਕੀ 50-60 ਸਾਲ ਅੱਤ ਦੀ ਗਰਮੀ-ਸਰਦੀ ਵਿਚ ਸਖਤ ਮਿਹਨਤ ਕਰਨੀ ਪੈਂਦੀ ਹੈ। ਸਖਤ ਮਿਹਨਤ ਕਰਕੇ ਵੀ ਘੱਟ ਤਨਖਾਹ (ਕਮਾਈ) ਪ੍ਰਾਪਤ ਹੁੰਦੀ ਹੈ। ਇਸ ਕਰਕੇ ਜਿੰਨਾਂ ਜਿਆਦਾ ਪੜ੍ਹੋਗੇ ਉਨੀਆਂ ਜਿਆਦਾ ਸੁੱਖ ਸਹੂਲਤਾਂ ਪਾਉਗੇ। ਜਿੰਨਾ ਘੱਟ ਪੜ੍ਹੋਗੇ ਉਨੀਆਂ ਘੱਟ ਸੁੱਖ-ਸਹੂਲਤਾਂ ਪਾਉਗੇ। ਪੜ੍ਹਨ ਦੇ ਨਾਲ-ਨਾਲ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਅਪਨਾਉਣਾ ਹੈ ਤੇ ਇਸਦਾ ਪ੍ਰਚਾਰ ਵੀ ਕਰਨਾ ਹੈ। ਗਰੀਬਾਂ ਦੁਖੀਆਂ ਦੀ ਸਹਾਇਤਾ, ਨਸ਼ਿਆਂ ਤੇ ਮਾੜੀ ਸੰਗਤ ਅਤੇ ਮਾੜੇ ਕੰਮਾਂ ਤੋਂ ਬੱਚ ਕੇ ਰਹਿਣਾ ਹੈ। ਆਪਣੀ ਸਿਹਤ ਨੂੰ ਵਧੀਆ ਤੇ ਸੁੰਦਰ ਬਣਾਉਣਾ ਹੈ।

ਆਪਣੇ ਆਲੇ-ਦੁਆਲੇ ਦੀ ਸਫਾਈ ਰੱਖਣੀ ਹੈ। ਹਵਾ, ਪਾਣੀ, ਆਵਾਜ਼ ਦਾ ਪ੍ਰਦੂਸ਼ਣ ਘੱਟ ਕਰਨ ਦੀ ਕੋਸ਼ਿਸ਼ ਕਰਨੀ ਹੈ। ਪਾਣੀ, ਬਿਜਲੀ ਸਮੇਂ ਤੇ ਪੈਸੇ ਦੀ ਬੱਚਤ, ਉੱਚਾ-ਸੁੱਚਾ ਸਨਮਾਨਜਨਕ ਜੀਵਨ ਬਤੀਤ ਕਰਨਾ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਤੇ ਆਰਤੀ ਸਵੇਰੇ-ਸ਼ਾਮ ਪੜ੍ਹੋ ਤੇ ਉਨ੍ਹਾਂ ਤੇ ਪੂਰਾ ਭਰੋਸਾ ਰੱਖੋ। ਤੁਸੀਂ ਜ਼ਰੂਰ ਸਫਲ ਹੋਵੋਗੇ। ਇਸ ਛੋਟੀ ਕਿਤਾਬ ਨੂੰ ਤੁਸੀਂ ਸਾਂਭ ਕੇ ਆਪ ਪੜ੍ਹਨਾ ਹੈ ਅਤੇ ਹੋਰ ਬੱਚਿਆਂ ਨੂੰ ਪੜ੍ਹਾਉਣਾ। ਹਰ ਬੱਚਾ ਇਸ ਛੋਟੀ ਕਿਤਾਬ ਨੂੰ ਆਪ ਪੜ੍ਹ ਕੇ ਹੋਰ ਘੱਟੋ-ਘੱਟ ਪੰਜ ਬੱਚਿਆਂ ਨੂੰ ਪੜ੍ਹਾਵੇ। ਸਾਡੇ ਪਾਸੋਂ ਹੋਰ ਵੀ ਬਹੁਤ ਸਾਰਾ ਗੁਰੂ ਰਵਿਦਾਸ ਜੀ ਦਾ ਲਿਟਰੇਚਰ ਮਿਲ ਸਕਦਾ ਹੈ। ਗੁਰੂ ਰਵਿਦਾਸ ਜੀ ਦੇ ਜੀਵਨ, ਬਾਣੀ, ਵਿਚਾਰਧਾਰਾ ਤੇ ਕੋਈ ਵੀ ਪ੍ਰਸ਼ਨ ਪੁੱਛਣ ਲਈ ਤੁਸੀਂ ਸਾਡੇ ਫੋਨ **98154 85844** ਤੇ ਸੰਪਰਕ ਕਰ ਸਕਦੇ ਹੋ। ਲਿਟਰੇਚਰ ਮੰਗਵਾਉਣ ਲਈ ਤੁਸੀਂ ਉੱਪਰ ਦਿੱਤੇ ਨੰਬਰ ਤੇ ਆਪਣਾ ਪੂਰਾ ਪਤਾ ਸਾਫ ਲਿਖ ਕੇ ਭੇਜੋ। ਲਿਟਰੇਚਰ ਤੁਹਾਡੇ ਘਰ ਪਹੁੰਚ ਜਾਵੇਗਾ। ਉਮੀਦ ਕਰਦੀ ਹਾਂ ਕਿ ਤੁਸੀਂ ਇਸ ਕਿਤਾਬ ਨੂੰ ਧਿਆਨ ਨਾਲ ਪੜ੍ਹੋਗੇ ਤੇ ਇਸ ਵਿਚਲੀਆਂ ਸਿਖਿਆਵਾਂ, ਉਪਦੇਸ਼ਾਂ ਤੇ ਸੁਝਾਵਾਂ ਨੂੰ ਮੰਨੋਗੇ।

ਤੁਹਾਡੀ ਦੀਦੀ **ਅਮਨਦੀਪ ਕੌਰ**, ਪਿੰਡ ਬਿਨਪਾਲਕੇ, ਜ਼ਿਲ੍ਹਾ ਜਲੰਧਰ

# ਗੁਰੂ ਰਵਿਦਾਸ ਜੀ ਦੀ ਜੀਵਨੀ



***ਪਿਆਰੇ ਬੱਚਿਓ!*** ਸ੍ਰੀ ਗੁਰੂ ਰਵਿਦਾਸ ਜੀ ਬਹੁਤ ਵੱਡੇ ਅਤੇ ਮਹਾਨ ਗੁਰੂ ਹੋਏ ਹਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸਾਰੇ ਹੀ ਸੰਸਾਰ ਨੂੰ ਬਹੁਤ ਹੀ ਚੰਗੀਆਂ ਸਿੱਖਿਆਵਾਂ ਦਿੱਤੀਆਂ ਹਨ। ਇਸ ਕਰਕੇ ਸਾਰੇ ਸੰਸਾਰ ਦੇ ਲੋਕ ਉਨ੍ਹਾਂ ਦੀ ਬਾਣੀ ਨੂੰ ਬਹੁਤ ਸਤਿਕਾਰ ਅਤੇ ਸ਼ਰਧਾ ਨਾਲ ਪੜ੍ਹਦੇ ਹਨ। ਗੁਰੂ ਰਵਿਦਾਸ ਜੀ ਦੇ ਸੰਸਾਰ ਵਿਚ ਆਉਣ ਤੋਂ ਪਹਿਲਾਂ ਇਥੋਂ ਦੇ ਲੋਕ ਉਚ-ਨੀਚ, ਜਾਤ-ਪਾਤ ਵਿਚ ਬਹੁਤ ਵਿਸ਼ਵਾਸ ਰੱਖਦੇ ਸਨ। ਪ੍ਰੰਤੂ ਗੁਰੂ ਜੀ ਨੇ ਇਨ੍ਹਾਂ ਭੈੜੀਆਂ ਪ੍ਰਰੰਪਰਾਵਾਂ ਨੂੰ ਛੱਡਣ ਦਾ ਉਪਦੇਸ਼ ਦਿੱਤਾ ਅਤੇ ਸੰਸਾਰ ਵਿਚ ਸਾਂਝੀਵਾਲਤਾ ਦਾ ਪ੍ਰਚਾਰ ਕੀਤਾ।

ਗੁਰੂ ਰਵਿਦਾਸ ਜੀ ਦਾ ਜਨਮ ਮਾਘ ਦੀ ਪੂਰਨਮਾਸ਼ੀ ਸੰਮਤ 1433 ਬਿਕ੍ਰਮੀ ਭਾਵ ਜਨਵਰੀ 1377 ਈ. ਨੂੰ ਉੱਤਰ ਪ੍ਰਦੇਸ਼ ਦੇ ਬਹੁਤ ਵੱਡੇ ਸ਼ਹਿਰ ਵਾਰਾਣਸੀ ਦੇ ਸੀਰ ਗੋਵਰਧਨ ਪੁਰ ਵਿਖੇ ਹੋਇਆ। ਇਥੇ ਬਹੁਤ ਵੱਡਾ ਅਤੇ ਬਹੁਤ

ਸੋਹਣਾ ਗੁਰੂ ਰਵਿਦਾਸ ਮੰਦਰ ਬਣਿਆ ਹੋਇਆ ਹੈ। ਗੁਰੂ ਜੀ ਦੇ ਪਿਤਾ ਜੀ ਦਾ ਨਾਮ ਸਤਿਕਾਰਯੋਗ ਸ੍ਰੀ ਸੰਤੋਖ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਸਤਿਕਾਰਯੋਗ ਮਾਤਾ ਕਲਸਾਂ ਦੇਵੀ ਜੀ ਸੀ। ਗੁਰੂ ਜੀ ਦੀ ਸ਼ਾਦੀ ਮਾਤਾ ਲੋਨਾ ਜੀ ਨਾਲ ਹੋਈ। ਗੁਰੂ ਜੀ ਦਾ ਇੱਕ ਸਪੁੱਤਰ ਵਿਜੈ ਦਾਸ ਜੀ ਸੀ। ਵਾਰਾਣਸੀ ਨੂੰ ਉਸ ਵੇਲੇ ਬਨਾਰਸ ਕਿਹਾ ਜਾਂਦਾ ਸੀ। ਬਨਾਰਸ ਵਿਚੋਂ ਦੀ ਗੰਗਾ ਨਦੀ ਵਗਦੀ ਹੈ ਜਿਸ ਦੇ ਆਸ-ਪਾਸ ਬਹੁਤ ਸੁੰਦਰ ਪੁਰਾਣੇ ਮੰਦਰ ਹਨ। ਭਾਰਤ ਦੇ ਹੋਰ ਰਾਜਾਂ ਅਤੇ ਬਾਹਰਲੇ ਦੇਸ਼ਾਂ ਤੋਂ ਸੈਲਾਨੀ ਗੁਰੂ ਰਵਿਦਾਸ ਮੰਦਿਰ ਅਤੇ ਬਨਾਰਸ ਦੇ ਹੋਰ ਮੰਦਰਾਂ ਦੇ ਦਰਸ਼ਨ ਕਰਨ ਲਈ ਆਉਂਦੇ ਹਨ।

ਬੱਚਿਓ ! ਜਲੰਧਰ ਤੋਂ ਵਾਰਾਣਸੀ 1172 ਕਿਲੋਮੀਟਰ ਦੂਰ ਹੈ ਤੇ ਰੇਲ ਗੱਡੀ ਵਿਚ ਵਾਰਾਣਸੀ ਨੂੰ ਜਾਣ ਲਈ ਤਕਰੀਬਨ 24 ਘੰਟੇ ਦਾ ਸਮਾਂ ਲੱਗਦਾ ਹੈ। ਹਰੇਕ ਸਾਲ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਤੇ ਸੀਰਗੋਵਰਧਨਪੁਰ ਵਿਖੇ ਬਹੁਤ ਹੀ ਵੱਡਾ ਸਮਾਗਮ ਹੁੰਦਾ ਹੈ ਜਿਥੇ ਪੰਜਾਬ ਅਤੇ ਦੂਸਰੇ ਰਾਜਾਂ ਤੋਂ ਲੱਖਾਂ ਸ਼ਰਧਾਲੂ ਹਾਜਰੀ ਭਰਦੇ ਹਨ। ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ, ਗਰੀਸ, ਡੁਬਈ, ਮਸਕਟ, ਆਸਟਰੀਆ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਤੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਸੇਵਕ ਦਰਸ਼ਨ ਕਰਨ ਲਈ ਆਉਂਦੇ ਹਨ ਅਤੇ ਸੀਰ ਗੋਵਰਧਨਪੁਰ ਦੀ ਪਵਿੱਤਰ ਧਰਤੀ ਤੇ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸ਼ਰਧਾ ਨਾਲ ਮਨਾਉਣ ਵਿਚ ਆਪਣੇ ਵੱਡੇ ਭਾਗ ਸਮਝਦੇ ਹਨ। ਕੀ ਬੱਚਾ, ਕੀ ਜਵਾਨ ਅਤੇ ਕੀ ਬਜ਼ੁਰਗ ਸਾਰਿਆਂ ਦੇ ਮਨ ਵਿਚ ਸੀਰ ਗੋਵਰਧਨਪੁਰ ਦਾ ਦਰਸ਼ਨ ਕਰਨ ਦਾ ਬੜਾ ਚਾਅ ਹੁੰਦਾ ਹੈ। ਲੋਕੀ ਤਿੰਨ-ਚਾਰ ਮਹੀਨੇ ਪਹਿਲਾਂ ਹੀ ਰੇਲ ਗੱਡੀ ਦੀਆਂ ਟਿਕਟਾਂ ਬੁੱਕ ਕਰਾ ਲੈਂਦੇ ਹਨ ਤਾਂ ਕਿ ਸਾਰੀਆਂ ਗੱਡੀਆਂ ਦੀਆਂ ਸੀਟਾਂ ਬੁੱਕ ਹੀ ਨਾ ਹੋ ਜਾਣ।

ਪਿਆਰੇ ਬੱਚਿਓ! ਜੇਕਰ ਆਪਾਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਧਿਆਨ ਨਾਲ, ਮਨ ਲਗਾ ਕੇ ਪੜ੍ਹੀਏ ਤਾਂ ਇਹ ਮਨ ਨੂੰ ਮੋਹ ਲੈਣ ਵਾਲੀ ਬਾਣੀ ਹੈ। ਇਸ ਤੋਂ ਸਾਨੂੰ ਬਹੁਤ ਸਾਰਾ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਜੀ ਦੀ ਬਹੁਤ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਅੰਮ੍ਰਿਤਬਾਣੀ ਗੁਰੂ ਰਵਿਦਾਸ ਜੀ ਗ੍ਰੰਥ ਵਿਚ ਸਤਿਕਾਰ ਸਹਿਤ ਦਰਜ ਕੀਤੀ ਹੋਈ ਹੈ। ਸੰਗਤਾਂ ਬੜੇ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਇਹ ਬਾਣੀ ਪੜ੍ਹਦੀਆਂ ਹਨ। ਬਹੁਤ ਸਾਰੇ ਗੁਰਦੁਆਰਿਆਂ ਤੇ ਮੰਦਰਾਂ ਵਿਚ ਸਵੇਰੇ-ਸ਼ਾਮ ਗੁਰੂ ਜੀ ਦੀ ਆਰਤੀ ਗਾਈ ਜਾਂਦੀ ਹੈ। ਲੋਕੀ ਆਪਣੇ ਘਰਾਂ ਵਿਚ ਸਵੇਰੇ ਸ਼ਾਮ ਗੁਰੂ ਰਵਿਦਾਸ ਬਾਣੀ ਦੇ ਗੁਟਕਾ ਸਾਹਿਬ ਤੋਂ ਆਰਤੀ ਅਤੇ ਹੋਰ ਬਾਣੀ ਪੜ੍ਹਦੇ ਹਨ।

**ਗੁਰੂ ਰਵਿਦਾਸ ਜੀ ਦੇ ਗੁਰੂ:** ਬੱਚਿਓ ! ਤੁਸੀਂ ਇਹ ਜਾਨਣ ਦੇ ਚਾਹਵਾਨ ਹੋਵੋਗੇ

ਕਿ ਦੁਨੀਆਂ ਦੇ ਇਸ ਮਹਾਨ ਰਹਿਬਰ ਦੇ ਗੁਰੂ ਕੌਣ ਸਨ? ਭਾਰਤ ਦੇ ਗਰੀਬ, ਮਜ਼ਲੂਮਾਂ ਅਤੇ ਜ਼ੁਲਮ ਸਹਿੰਦੀ ਲੋਕਾਈ ਦੀ ਹਾਹਾਕਾਰ ਸੁਣ ਕੇ ਸੰਸਾਰ ਵਿਚ ਪਖੰਡਵਾਦ ਨੂੰ ਜੜੋਂ ਪੁੱਟ ਕੇ ਸਾਂਝੀਵਾਲਤਾ ਸਥਾਪਿਤ ਕਰਨ ਲਈ ਪਾਰਬ੍ਰਹਮ ਪਰਮਾਤਮਾ ਨੇ ਗੁਰੂ ਰਵਿਦਾਸ ਜੀ ਨੂੰ ਕ੍ਰਾਂਤੀ ਦੇ ਦੂਤ ਬਣਾ ਕੇ ਸੰਸਾਰ ਤੇ ਭੇਜਿਆ। ਸੋ ਉਨ੍ਹਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੀ ਸਨ। ਕੋਈ ਦੇਵਤਾ, ਭਗਵਾਨ ਜਾਂ ਹੋਰ ਦੇਹਧਾਰੀ ਉਨ੍ਹਾਂ ਦਾ ਗੁਰੂ ਨਹੀਂ ਸੀ। ਆਪਣੇ ਗੁਰੂ ਭਾਵ ਪ੍ਰਮਾਤਮਾ ਨੂੰ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਮਾਧੋ, ਗੋਬਿੰਦ, ਰਾਮ, ਗੁਸਈਆ, ਪਤਿਤ ਪਾਵਨ, ਮੁਕੰਦ ਆਦਿ ਨਾਵਾਂ ਨਾਲ ਸੰਬੋਧਨ ਕਰਦੇ ਹਨ।

**ਗੁਰੂ ਰਵਿਦਾਸ ਜੀ ਦਾ ਇਸ਼ਟ:** ਬੱਚਿਓ! ਇਸ਼ਟ ਤੋਂ ਭਾਵ ਹੈ ਜਿਸ ਦੀ ਗੁਰੂ ਜੀ ਪੂਜਾ ਕਰਦੇ ਸਨ। ਸੋ ਗੁਰੂ ਜੀ ਪੂਜਾ ਵੀ ਪਾਰਬ੍ਰਹਮ ਪ੍ਰਮਾਤਮਾ ਦੀ ਹੀ ਕਰਦੇ ਸਨ। ਗੁਰੂ ਜੀ ਕਿਸੇ ਵੀ ਮੂਰਤੀ, ਠਾਕਰ ਆਦਿ ਦੀ ਪੂਜਾ ਨਹੀਂ ਕਰਦੇ ਸਨ। ਗੁਰੂ ਜੀ ਨੇ ਮੂਰਤੀ ਪੂਜਾ ਅਤੇ ਹੋਰ ਕਰਮ ਕਾਂਡਾਂ ਨੂੰ ਰੱਦ ਕੀਤਾ ਅਤੇ ਕੇਵਲ ਇਕ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਹੁਕਮ ਕੀਤਾ ਹੈ।

**ਗੁਰੂ ਰਵਿਦਾਸ ਜੀ ਦੀਆਂ ਯਾਤਰਾਵਾਂ:** ਗੁਰੂ ਰਵਿਦਾਸ ਜੀ ਨੇ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕੇਵਲ ਬਨਾਰਸ ਵਿਚ ਹੀ ਨਹੀਂ ਕੀਤਾ ਸਗੋਂ ਇਸ ਮਕਸਦ ਲਈ ਗੁਰੂ ਜੀ ਨੇ ਪੰਜਾਬ, ਅਸਾਮ, ਭੂਪਾਲ, ਰਾਜਸਥਾਨ, ਗੁਜਰਾਤ, ਹੈਦਰਾਬਾਦ, ਮਹਾਰਾਸ਼ਟਰ, ਜੰਮੂ-ਕਸ਼ਮੀਰ ਅਤੇ ਬਹੁਤ ਸਾਰੇ ਰਾਜਾਂ ਦੀਆਂ ਪੈਦਲ ਯਾਤਰਾਵਾਂ ਕੀਤੀਆਂ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਪੂਰੇ ਦੇਸ਼ ਵਿਚ ਫੈਲ ਗਈ। ਇਨ੍ਹਾਂ ਯਾਤਰਾਵਾਂ ਦੌਰਾਨ ਗੁਰੂ ਜੀ ਨੇ ਸਿੱਧਾਂ, ਯੋਗੀਆਂ, ਕਾਜ਼ੀਆਂ, ਮੁੱਲਾਂ ਅਤੇ ਹੋਰ ਧਾਰਮਿਕ ਆਗੂਆਂ ਨਾਲ ਵਿਚਾਰ ਗੋਸ਼ਟੀਆਂ ਕੀਤੀਆਂ। ਗੁਰੂ ਨਾਨਕ ਦੇਵ ਜੀ ਨਾਲ ਗੁਰੂ ਰਵਿਦਾਸ ਜੀ ਪਹਿਲੀ ਗੋਸ਼ਟੀ ਸੱਚਾ ਸੌਦਾ ਕਰਨ ਸਮੇਂ ਫਿਰ ਸੁਲਤਾਨਪੁਰ ਲੋਧੀ ਵਿਖੇ ਦੂਜੀ ਗੁਰੂ ਨਾਨਕ ਦੇਵ ਜੀ ਦੇ ਵੇਈਂ ਨਦੀ ਵਿਚ ਇਸ਼ਨਾਨ ਕਰਨ ਸਮੇਂ ਅਤੇ ਫਿਰ ਗੁਰੂ ਕਾ ਬਾਗ ਬਨਾਰਸ ਵਿਖੇ ਹੋਈ। ਗੁਰੂ ਨਾਨਕ ਦੇਵ ਜੀ ਪ੍ਰਚਾਰ ਕਰਦੇ ਸਮੇਂ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਵੀ ਗਾਇਨ ਕਰਦੇ ਸਨ।ਗੁਰੂ ਰਵਿਦਾਸ ਜੀ ਸਮੁੱਚੇ ਸੰਸਾਰ ਨੂੰ ਤਾਰਦੇ ਹੋਏ 1584 ਸੰਮਤ ਭਾਵ 1528 ਈ. ਨੂੰ 151 ਸਾਲ ਦੀ ਲੰਬੀ ਉਮਰ ਬਿਤਾ ਕੇ ਜੋਤੀ-ਜੋਤ ਸਮਾਏ।

**ਗੁਰੂ ਰਵਿਦਾਸ ਜੀ ਦੀਆਂ ਸਾਖੀਆਂ:** ਬੱਚਿਓ! ਗੁਰੂ ਜੀ ਦੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਨੂੰ ਸਾਖੀਆਂ ਵੀ ਕਿਹਾ ਜਾਂਦਾ ਹੈ।ਗੁਰੂ ਰਵਿਦਾਸ ਜੀ ਕਰਾਮਾਤ ਕਰਨ ਜਾਂ ਕੌਤਕ ਦਿਖਾਉਣ ਦੇ ਹਾਮੀ ਬਿਲਕੁੱਲ ਨਹੀਂ ਸਨ। ਪ੍ਰੰਤੂ ਇਨਸਾਨੀਅਤ ਦੇ ਵਿਰੋਧੀ ਲੋਕਾਂ ਨੂੰ ਸਬਕ ਸਿਖਾਉਣ ਲਈ ਕਈ

ਵਾਰ ਪ੍ਰਮਾਤਮਾ ਹੀ ਅਜਿਹੇ ਕੌਤਕ ਵਰਤਾ ਦਿੰਦਾ ਹੈ। ਇਨ੍ਹਾਂ ਸਾਖੀਆਂ-ਘਟਨਾਵਾਂ ਤੋਂ ਸਾਨੂੰ ਬਹੁਤ ਸਿਖਿਆ ਮਿਲਦੀ ਹੈ। ਆਓ! ਇੱਕ ਸਾਖੀ ਬਾਰੇ ਜਾਣੀਏ।

**ਠਾਕਰ, ਪੱਥਰੀ ਤਾਰਨ ਦੀ ਸਾਖੀ:** ਬੱਚਿਓ! ਗੁਰੂ ਰਵਿਦਾਸ ਜੀ ਠਾਕਰ, ਪੱਥਰੀ ਤਾਰਨ ਵਾਲੇ ਸਤਿਗੁਰੂ ਵੀ ਕਿਹਾ ਜਾਂਦਾ ਹੈ। ਉਸ ਸਮੇਂ ਬ੍ਰਾਹਮਣ ਠਾਕਰਾਂ ਦੀ ਪੂਜਾ ਕਰਦੇ ਹੁੰਦੇ ਸਨ। ਠਾਕਰ ਇਕ ਕਿਸਮ ਦਾ ਪੱਥਰ ਹੁੰਦਾ ਹੈ, ਜਿਸਨੂੰ ਉਹ ਇਸ਼ਨਾਨ ਕਰਾਉਂਦੇ ਤੇ ਭੋਗ ਲਗਾਉਂਦੇ ਸਨ। ਗੁਰੂ ਰਵਿਦਾਸ ਜੀ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਰਹੀ ਸੀ। ਬਹੁਤ ਸਾਰੇ ਲੋਕ ਇਥੋਂ ਤੱਕ ਕਿ ਰਾਜੇ-ਮਹਾਰਾਜੇ ਗੁਰੂ ਜੀ ਦੇ ਸੇਵਕ ਬਣਦੇ ਜਾ ਰਹੇ ਸਨ। ਉਸ ਵੇਲੇ ਦੇ ਬ੍ਰਾਹਮਣਾਂ ਨੂੰ ਇਹ ਗੱਲ ਉੱਕਾ ਹੀ ਪਸੰਧ ਨਹੀਂ ਸੀ। ਬ੍ਰਾਹਮਣਾਂ ਨੇ ਕਾਂਸ਼ੀ ਦੇ ਰਾਜੇ ਵੀਰ ਬਘੇਲ ਸਿੰਘ ਕੋਲ ਸ਼ਿਕਾਇਤ ਕੀਤੀ ਕਿ ਤੁਹਾਡੇ ਰਾਜ ਵਿਚ (ਗੁਰੂ) ਰਵਿਦਾਸ ਸ਼ੂਦਰ ਹੋ ਕੇ ਰੱਬ ਦੀ ਭਗਤੀ ਕਰਦਾ ਹੈ। ਸ਼ੂਦਰ (ਗੁਰੂ) ਰਵਿਦਾਸ ਠਾਕਰਾਂ ਦੀ ਪੂਜਾ ਕਰਦਾ, ਧੋਤੀ ਲਗਾਉਂਦਾ, ਮਾਲਾ ਪਹਿਨਦਾ ਅਤੇ ਮੱਥੇ ਤੇ ਤਿੱਲਕ ਲਗਾਉਂਦਾ ਹੈ। ਵੇਦਾਂ ਅਤੇ ਪੁਰਾਣਾਂ ਅਨੁਸਾਰ ਸ਼ੂਦਰਾਂ ਨੂੰ ਇਹ ਸਭ ਕੁਝ ਕਰਨ ਦੀ ਬਿਲਕੁਲ ਮਨਾਹੀ ਹੈ। ਜਦ ਗੁਰੂ ਜੀ ਨੂੰ ਕਚਹਿਰੀ ਬੁਲਾਇਆ ਗਿਆ ਗੁਰੂ ਜੀ ਨੇ ਰਾਜੇ ਨੂੰ ਸਮਝਾਇਆ ਹੇ ਰਾਜਨ! ਸਭ ਮਨੁੱਖ ਬਰਾਬਰ ਹਨ। ਜਾਤ-ਪਾਤ ਕਰਕੇ ਕੋਈ ਸ਼ੂਦਰ ਤੇ ਕੋਈ ਬ੍ਰਾਹਮਣ ਨਹੀਂ ਹੈ। ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ ਸਭ ਮਨੁੱਖ ਬਰਾਬਰ ਹਨ ਅਤੇ ਇਕ ਪ੍ਰਮਾਤਮਾ ਦੀ ਅੰਸ਼ ਹਨ। ਇਹ ਵੰਡੀਆਂ ਮਾਨਵਤਾ ਵਿਰੋਧੀ ਲੋਕਾਂ ਨੇ ਪਾਈਆਂ ਹਨ। ਮੈਂ ਪੱਥਰਾਂ, ਠਾਕਰਾਂ ਦੀ ਪੂਜਾ ਨਹੀਂ ਕਰਦਾ। ਮੈਂ ਤਾਂ ਘੱਟ-ਘੱਟ ਵਿਚ ਵਸਣ ਵਾਲੇ ਠਾਕਰ ਦਾ ਪੂਜਣਹਾਰ ਹਾਂ। ਹਰ ਇਨਸਾਨ ਨੂੰ ਪ੍ਰਮਾਤਮਾ ਦਾ ਸਿਮਰਨ ਕਰਨ ਤੇ ਉਸ ਦੇ ਪੂਜਾ ਕਰਨ ਦਾ ਅਧਿਕਾਰ ਰਖਦਾ ਹੈ। ਬ੍ਰਾਹਮਣਾਂ ਨੇ ਕਿਹਾ ਨਹੀਂ ਰਾਜਨ (ਗੁਰੂ) ਰਵਿਦਾਸ ਹਰ ਰੋਜ਼ ਠਾਕਰ ਦੀ ਪੂਜਾ ਕਰਦਾ ਹੈ। ਇਸ ਕੋਲ ਬਹੁਤ ਵੱਡਾ ਠਾਕਰ ਹੈ। ਗੁਰੂ ਰਵਿਦਾਸ ਜੀ ਨੇ ਕਿਹਾ ਹੇ ਰਾਜਾ! ਉਹ ਠਾਕਰ ਨਹੀਂ ਉਹ ਤਾਂ ਮੇਰੇ ਜੋੜੇ ਗੰਡਣ ਵਾਲੀ ਸਿੱਲ (ਪੱਥਰੀ) ਹੈ। ਜਿਸ ਉੱਤੇ ਮੈਂ ਜੋੜੇ ਗੰਡਦਾ ਹਾਂ ਤੇ ਆਪਣੀ ਰੋਜ਼ੀ-ਰੋਟੀ ਚਲਾਉਂਦਾ ਹਾਂ। ਪ੍ਰੰਤੂ ਬ੍ਰਾਹਮਣਾਂ ਨੇ ਰਾਜੇ ਤੋਂ ਮਨਵਾ ਹੀ ਲਿਆ ਕਿ ਗੁਰੂ ਰਵਿਦਾਸ ਜੀ ਕੋਲ ਠਾਕਰ ਹੈ ਤੇ ਉਹ ਉਸਦੀ ਪੂਜਾ ਕਰਦੇ ਹਨ। ਸਭਾ ਵਿਚੋਂ ਇਕ ਮੰਤਰੀ ਨੇ ਸੁਝਾਅ ਪੇਸ਼ ਕਰਦਿਆਂ ਕਿਹਾ ਕਿ ਹੇ ਰਾਜਨ! ਬ੍ਰਾਹਮਣਾਂ ਅਤੇ ਗੁਰੂ ਰਵਿਦਾਸ ਜੀ ਦੀ ਪ੍ਰੀਖਿਆ ਲਈ ਜਾਵੇ ਕਿਹੜਾ ਸਹੀ ਰੂਪ ਵਿਚ ਆਪਣੇ ਠਾਕਰ ਦੀ ਪੂਜਾ ਦਾ ਹੱਕਦਾਰ ਹੈ। ਅੰਤ ਇਹ ਫੈਸਲਾ ਹੋਇਆ ਕਿ ਬ੍ਰਾਹਮਣ ਅਤੇ ਗੁਰੂ ਰਵਿਦਾਸ ਆਪੋ-ਆਪਣੇ ਠਾਕਰ ਨੂੰ ਗੰਗਾ ਤੇ ਤੈਰਾਉਣਗੇ ਜਿਸ ਦੇ ਵੀ ਠਾਕਰ ਗੰਗਾ ਤੇ ਤੈਰਨਗੇ ਉਹੀ ਆਪਣੇ

ਠਾਕਰ ਦੀ ਪੂਜਾ ਦੇ ਅਸਲੀ ਹੱਕਦਾਰ ਹੋਣਗੇ ਤੇ ਉਨ੍ਹਾਂ ਨੂੰ ਸੋਨੇ ਦੀ ਪਾਲਕੀ ਵਿਚ ਬਿਠਾ ਕੇ ਸ਼ਹਿਰ ਦੀ ਪਰਿਕਰਮਾ ਕਰਵਾਈ ਜਾਵੇਗੀ। ਬ੍ਰਾਹਮਣ ਖੁਸ਼ੀ ਵਿਚ ਛਾਲਾਂ ਮਾਰਨ ਲੱਗੇ ਕਿ ਸਾਡੇ ਕੋਲ ਤਾਂ ਨਿੱਕੇ ਨਿੱਕੇ ਠਾਕਰ ਹਨ ਨਾਲੇ ਅਸੀਂ ਮੰਤਰਾਂ ਦੇ ਜ਼ੋਰ ਨਾਲ ਉਨ੍ਹਾਂ ਨੂੰ ਗੰਗਾ ਤੇ ਤੈਰਾਅ ਦੇਣਾ ਹੈ। ਲੇਕਿਨ ਗੁਰੂ ਰਵਿਦਾਸ ਜੀ ਕੋਲ ਬਹੁਤ ਵੱਡੀ ਸਿੱਲ (ਪੱਥਰੀ) ਹੈ। ਉਹ ਤਾਂ ਇਕ ਦਮ ਪਾਣੀ ਵਿਚ ਡੁੱਬ ਜਾਵੇਗੀ ਤਾਂ ਸਾਡੀ ਜਿੱਤ ਹੋ ਜਾਵੇਗੀ।

ਸ਼ਹਿਰ ਵਿਚ ਹੋਕਾ ਦਵਾਇਆ ਗਿਆ ਅਤੇ ਮਿੱਥੇ ਦਿਨ ਰਾਜਾ ਵੀਰ ਬਘੇਲ ਸਿੰਘ ਆਪਣੇ ਰਾਜ ਦਰਬਾਰੀਆਂ ਅਤੇ ਬਹੁਤ ਸਾਰੀ ਜਨਤਾ ਸਮੇਤ ਗੰਗਾ ਘਾਟ ਤੇ ਪਹੁੰਚੇ। ਬ੍ਰਾਹਮਣ ਆਪਣੇ ਨਿੱਕੇ-ਨਿੱਕੇ ਠਾਕਰ ਲੈ ਕੇ ਹਾਜ਼ਰ ਹੋਏ ਅਤੇ ਗੁਰੂ ਰਵਿਦਾਸ ਜੀ ਆਪਣੀ ਵੱਡੀ ਪੱਥਰੀ ਲੈ ਕੇ ਪੁੱਜੇ। ਰਾਜੇ ਨੇ ਬ੍ਰਾਹਮਣਾਂ ਨੂੰ ਪਹਿਲਾਂ ਆਪਣੇ ਠਾਕਰ ਗੰਗਾ ਵਿਚ ਤੈਰਾਉਣ ਲਈ ਕਿਹਾ। ਬ੍ਰਾਹਮਣਾਂ ਨੇ ਕਈ ਮੰਤਰ ਪੜ੍ਹੇ ਅਤੇ ਆਪਣੇ ਠਾਕਰ ਗੰਗਾ ਵਿਚ ਛੱਡ ਦਿੱਤੇ ਅਤੇ ਉੱਚੀ-ਉੱਚੀ ਆਵਾਜ਼ ਵਿਚ ਮੰਤਰ ਪੜ੍ਹਨ ਲੱਗੇ ਪਰ ਕੀ ਹੋਇਆ? ਠਾਕਰ ਤਾਂ ਗੰਗਾ ਵਿਚ ਡੁੱਬ ਗਏ ਹਨ। ਬ੍ਰਾਹਮਣਾਂ ਨੇ ਕਈ ਤਰ੍ਹਾਂ ਦੇ ਹੋਰ ਮੰਤਰ ਪੜ੍ਹੇ ਪ੍ਰੰਤੂ ਡੁੱਬੇ ਠਾਕਰ ਵੀ ਗੰਗਾ ਉੱਪਰ ਤੈਰਨ ਨਾ ਆਏ। ਲੋਕ ਬ੍ਰਾਹਮਣਾਂ ਦੇ ਫੋਕੇ ਦਾਵਿਆਂ ਉੱਤੇ ਹੱਸਣ ਲੱਗੇ। ਬ੍ਰਾਹਮਣ ਬਹੁਤ ਸ਼ਰਮਿੰਦਾ ਹੋਏ। ਜਦ ਰਾਜਾ ਗੁਰੂ ਰਵਿਦਾਸ ਜੀ ਨੂੰ ਆਪਣੇ ਠਾਕਰ ਤੈਰਾਉਣ ਲਈ ਕਹਿਣ ਲੱਗਾ ਤਾਂ ਉਸ ਨੇ ਤੱਕਿਆ ਕਿ ਗੁਰੂ ਰਵਿਦਾਸ ਜੀ ਤਾਂ ਪ੍ਰਭੂ ਭਗਤੀ ਵਿਚ ਲੀਨ ਹਨ। ਰਾਜੇ ਨੇ ਗੁਰੂ ਜੀ ਨੂੰ ਆਪਣੇ ਠਾਕਰ ਗੰਗਾ ਵਿਚ ਛੱਡਣ ਲਈ ਕਿਹਾ। ਸਾਰਿਆਂ ਦੀਆਂ ਨਿਗਾਹਾਂ ਗੁਰੂ ਜੀ ਦੀ ਪੱਥਰੀ ਵੱਲ ਸਨ। ਕਿਉਂਕਿ ਹੁਣ ਇਥੇ ਝੂਠ ਫਰੇਬ ਧੋਖੇ ਨਾਲ ਸੱਚਾਈ, ਇਮਾਨਦਾਰੀ ਅਤੇ ਪ੍ਰਭੂ ਦੀ ਸੱਚੀ ਭਗਤੀ ਦਾ ਮੁਕਾਬਲਾ ਹੋਣਾ ਸੀ। ਗੁਰੂ ਜੀ ਨੇ ਪ੍ਰਭੂ ਦਾ ਸਿਮਰਨ ਕਰਦਿਆ ਪੱਥਰੀ ਗੰਗਾ ਵਿਚ ਛੱਡ ਦਿੱਤੀ। ਭਾਰੀ ਪੱਥਰੀ ਇਕ ਦਮ ਗੰਗਾ ਹੇਠਾਂ ਚੱਲੀ ਗਈ। ਬ੍ਰਾਹਮਣ ਬੜਾ ਖੁਸ਼ ਹੋਏ ਤੇ ਉੱਚੀ-ਉੱਚੀ ਹੱਸਣ ਲੱਗੇ। ਪ੍ਰੰਤੂ ਰਾਜੇ ਤੇ ਲੋਕਾਂ ਦੀ ਹੈਰਾਨਗੀ ਦੀ ਉਦੋਂ ਕੋਈ ਹੱਦ ਨਾ ਰਹੀ ਜਦ ਉਨ੍ਹਾਂ ਨੇ ਦੇਖਿਆ ਕਿ ਪੱਥਰੀ ਹੌਲੀ-ਹੌਲੀ ਗੰਗਾ ਉੱਪਰ ਆ ਗਈ ਹੈ ਅਤੇ ਤੈਰਨ ਲੱਗ ਪਈ ਹੈ। ਪੱਥਰੀ ਮੁਰਗਾਬੀ ਵਾਂਗ ਪਾਣੀ ਤੇ ਤੈਰ ਰਹੀ ਸੀ। ਉੱਧਰ ਗੁਰੂ ਰਵਿਦਾਸ ਜੀ ਤਾਂ ਪ੍ਰਭੂ ਭਗਤੀ ਵਿਚ ਲੀਨ ਹਨ। ਸਾਰੇ ਪਾਸੇ ਜੈ ਗੁਰੂ ਰਵਿਦਾਸ ਧੰਨ ਗੁਰੂ ਰਵਿਦਾਸ ਦੇ ਜੈਕਾਰੇ ਲੱਗਣ ਲੱਗੇ। ਰਾਜਾ ਵੀਰ ਬਘੇਲ ਸਿੰਘ ਆਪਣੇ ਆਸਣ ਤੋਂ ਉੱਠ ਕੇ ਆਇਆ ਤੇ ਉਸਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਰਵਿਦਾਸ ਜੀ ਨੂੰ ਸੋਨੇ ਦੀ ਪਾਲਕੀ ਵਿਚ ਬਿਠਾ ਕੇ ਸਾਰੇ ਸ਼ਹਿਰ ਵਿਚ ਜੈ ਗੁਰੂ ਰਵਿਦਾਸ ਦੇ ਨਾਰਿਆਂ ਨਾਲ ਪ੍ਰਕਰਮਾ ਕਰਵਾਈ ਗਈ।■■

# ਸ੍ਰੀ ਗੁਰੂ ਰਵਿਦਾਸ ਜੀ ਦੀ ਆਰਤੀ ਦਾ ਮਹਾਤਮ




## ਗੁਰੂ ਰਵਿਦਾਸ ਜੀ ਦੀ ਆਰਤੀ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ॥
ਨਾਮ ਤੇਰੋ ਆਸਨੋ ਨਾਮੁ ਤੇਰੋ ਉਰਸਾ, ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ, ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ, ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ, ਭਇਓ ਉਜਿਆਰੋ ਭਵਨ ਸਗਲਾਰੇ ॥੨॥
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ, ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ, ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ, ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ, ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥

T-24

ਜੈ ਗੁਰਦੇਵ !　　ਧੰਨ ਗੁਰਦੇਵ !

ਚੌਦਹ ਸੌ ਤੇਤੀਸ ਕੀ ਮਾਘ ਸੁਦੀ ਪੰਦ੍ਰਾਸ॥
ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ॥
ਸੰਤ ਕਰਮਦਾਸ ਜੀ



# ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ

(ਰਜਿ. ਨੰ. 179-2006-07)


**ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 24 / ਪਹਿਲੀ ਵਾਰ 6000 / ਫਰਵਰੀ 2013 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ



Find us on Facebook
www.facebook.com/sgrmpsp


# ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥

## ਸਿਧਾਂਤਕ ਉਪਦੇਸ਼ਾਂ ਦੇ ਸਿਰਜਕ
## ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ


# 636ਵੇਂ
# ਆਗਮਨ ਪੁਰਬ

## ਦੀ ਲੱਖ-ਲੱਖ ਵਧਾਈ





ਰਛਪਾਲ ਸਿੰਘ ਬੱਧਣ
(ਚੇਅਰਮੈਨ)




ਸੂਬੇਦਾਰ ਮੇਜਰ ਪਿਆਰੇ ਲਾਲ
ਗ੍ਰੈਜੂਏਟ (ਰਖਿਆਰਾ)



ਦੀਵਾਨ ਚੰਦ ਮੰਡਲ
ਡਿਵੈਲਪਮੈਂਟ ਅਫ਼ਸਰ (ਆਦਮਪੁਰ)



ਬਲਦੇਵ ਸਿੰਘ ਏ.ਐਸ.ਆਈ.
ਨੰਗਲ ਸਲਾਲਾ



ਬਖ਼ਸ਼ੀ ਰਾਮ ਦਰਾਵਾਂ
ਯੂ.ਡੀ.ਸੀ.



ਟਹਿਲ ਬਿਨਪਾਲਕੇ
ਪੋਸਟਲ ਡਿਪਾਰਟਮੈਂਟ

# ਵਰਤਮਾਨ ਸਮੇਂ ਦੀ ਲੋੜ



ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਨਵ ਦੇ ਕਲਿਆਣ (ਭਲੇ) ਲਈ ਰਚੀ ਬਾਣੀ ਦਾ ਇਕ-ਇਕ ਵਾਕ ਹੀ ਨਹੀਂ ਸਗੋਂ ਇਕ-ਇਕ ਸ਼ਬਦ ਬਹੁਤ ਗਹਿਰੇ ਅਤੇ ਗੰਭੀਰ ਭਾਵ-ਅਰਥ ਦੱਸਦਾ ਹੈ। ਗੁਰੂ ਜੀ ਵੱਲੋਂ ਰਚੀ ਬਾਣੀ ਸਿੱਖਿਆਦਾਇਕ, ਸਮਝ-ਭਰਪੂਰ ਤੇ ਮਾਨਵ ਦੇ ਜੀਵਨ ਲਈ ਹਿੱਤਕਾਰੀ ਹੈ। ਸਰਵ-ਸਾਧਾਰਨ ਗੱਲ ਨੂੰ ਪ੍ਰਤੀਕ ਮੰਨ ਕੇ ਅਤੇ ਪ੍ਰਾਕ੍ਰਿਤੀ ਵਿਚੋਂ ਹੀ ਉਦਾਹਰਨ ਲੈ ਕੇ ਵੱਡੇ-ਵੱਡੇ ਇਤਿਹਾਸਿਕ ਬਿਰਤਾਂਤ ਦਿੱਤੇ ਗਏ ਹਨ। ਜਿਵੇਂ ਸ਼ਹਿਦ ਦੀਆਂ ਮੱਖੀਆਂ ਨੂੰ ਪ੍ਰਤੀਕ ਮੰਨ ਕੇ ਮਨੁੱਖ ਨੂੰ ਭਾਈਚਾਰਕ ਸਾਂਝ ਪਾਉਣ ਦੀ ਨਿੱਕੀ ਜਿਹੀ ਗੱਲ ਨੂੰ ਬੜੇ ਵੱਡੇ ਲਾਭਕਾਰੀ ਕਾਰਜ ਦਾ ਸਾਧਨ ਬਣਾ ਦਿੱਤਾ ਹੈ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਪਾਵਨ ਰਸਨਾ ਤੋਂ ਬੜੇ ਅਨਮੋਲ ਬਚਨ ਨਿਕਲੇ ਹਨ ਜੋ ਹੇਠ ਲਿਖੇ ਅਨੁਸਾਰ ਹਨ -

**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥**
**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਨ ਜਗਤ-ਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅੰਕਿਤ ਹੈ। ਗੁਰੂ ਜੀ ਨੇ ਸਮੁੱਚੇ ਸੰਸਾਰ ਨੂੰ "**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥**" ਦਾ ਇਕੱਠੇ ਰਹਿ ਕੇ ਸਮੂਹਿਕ ਪ੍ਰਾਪਤੀਆਂ ਦਾ ਮਹਾਨ ਸੰਦੇਸ਼ ਦਿੱਤਾ। ਜਿਸ ਤਰ੍ਹਾਂ ਮਧੂ-ਮੱਖੀਆਂ ਆਪਣੇ ਛੱਤੇ ਵਿਚ ਇਕੱਠੇ ਰਹਿੰਦੀਆਂ ਸ਼ਹਿਦ ਇਕੱਠਾ ਕਰਨ ਦੇ ਨਾਲ-ਨਾਲ ਹੋਰ ਸਾਰੇ ਕੰਮ ਰਲਮਿਲ ਕੇ ਕਰਦੀਆਂ ਹਨ, ਠੀਕ ਉਸੇ ਤਰ੍ਹਾਂ ਹੀ ਅੱਜ ਦੇ ਮਨੁੱਖ ਨੂੰ ਪਰਿਵਾਰ ਅਤੇ ਬਾਕੀ ਸਮਾਜ ਨਾਲ ਜੁੜੇ ਰਹਿਣ ਦੇ ਨਾਲ-ਨਾਲ ਬਾਕੀ ਸਾਰੇ ਕਾਰਜ ਕਰਨ ਦਾ ਸੰਦੇਸ਼ ਦਿੱਤਾ। ਸ੍ਰੀ ਗੁਰੂ ਰਵਿਦਾਸ ਜੀ ਨੇ ਸਮੇਂ ਦੀ ਕਸੌਟੀ ਨੂੰ ਪਰਖਦਿਆਂ ਕਥਿਤ ਸ਼ੂਦਰ ਸਮਾਜ ਨੂੰ ਬ੍ਰਾਹਮਣੀ ਸਮਾਜ ਵੱਲੋਂ ਪੈਦਾ ਕੀਤੀ ਪੱਕੀ ਵਰਣ-ਵਿਵਸਥਾ, ਜਮਾਤ ਪ੍ਰਤੀ ਜਮਾਤ ਵਿਰੋਧੀ ਗਤੀਵਿਧੀਆਂ ਅਤੇ ਗ਼ਲਤ ਪ੍ਰਚਲਤ ਪ੍ਰਨਾਲੀ ਤੋਂ ਨਿਜਾਤ ਦਿਵਾਉਣ ਹਿੱਤ ਆਪਣੀ ਬਾਣੀ ਵਿਚ ਇਕੱਠੇ ਰਹਿ ਕੇ ਸੰਘਰਸ਼ ਕਰਨ ਦਾ ਸੰਦੇਸ਼ ਦਿੱਤਾ।

ਸ੍ਰੀ ਗੁਰੂ ਰਵਿਦਾਸ ਜੀ ਦਾ ਆਗਮਨ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ ਹੈ ਅਤੇ ਉਨ੍ਹਾਂ ਨੇ ਹਿੰਦੀ ਭਾਸ਼ੀ ਇਲਾਕੇ ਵਿਚ ਪੈਦਾ ਹੋ ਕੇ ਵੀ ਪੰਜਾਬ ਵਿਚ ਆ ਕੇ ਆਪਣੀ ਬਾਣੀ ਪੰਜਾਬੀ ਵਿਚ ਰਚੀ ਜੋ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਜਿਥੇ ਦੇਸ਼ਾਂ ਦਾ ਭਰਮਣ ਕਰਦਿਆਂ ਉਨ੍ਹਾਂ ਲੱਖਾਂ ਲੋਕਾਂ ਨੂੰ ਆਪਣੇ ਚਰਨੀਂ ਲਾ ਕੇ ਜਨਮ-ਮਰਨ ਦੇ ਸੰਕਟ ਵਿਚੋਂ ਪਾਰ ਕੀਤਾ, ਉਥੇ ਆਪਣੀ ਅੰਮ੍ਰਿਤਮਈ ਬਾਣੀ ਰਚ ਕੇ ਹਮੇਸ਼ਾ ਦੇ ਲਈ ਉਸ ਉੱਤੇ ਚੱਲ ਕੇ ਜੀਵਨ ਦੇ ਭਵਸਾਗਰ ਨੂੰ ਪਾਰ ਲੰਘ ਜਾਣ ਦਾ ਵਸੀਲਾ ਬਣਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮਝਾਇਆ, "**ਹਸੰਦਿਆਂ ਖੇਡ ਖੇਲੰਦਿਆਂ ਪੈਨੰਦਿਆਂ ਖਾਵੰਦਿਆਂ ਵਿਚ ਹੋਵੈ ਮੁਕਤਿ ॥**" ਅਰਥਾਤ ਮਾਇਆ ਵਿਚ ਰਹਿੰਦਿਆਂ ਹੋਇਆਂ ਵੀ ਮਨੁੱਖ ਨੂੰ ਇਸ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਭਾਵੇਂ ਇਹ ਸਾਰੀਆਂ ਗੱਲਾਂ ਜੀਵਤ ਮਨੁੱਖ ਦਾ ਅੰਗ ਹਨ ਪ੍ਰੰਤੂ ਮਾਇਆ (ਯਥਾਰਥ) ਵਿਚ ਮਨੁੱਖ ਨੂੰ ਐਨਾ ਖਚਿਤ ਨਹੀਂ ਹੋਣਾ ਚਾਹੀਦਾ ਕਿ ਉਹ ਪ੍ਰਮਾਤਮਾ ਨੂੰ ਭੁੱਲ ਜਾਵੇ। ਇਸ ਤੋਂ ਭਾਵ '**ਸਤਸੰਗਤਿ ਮਿਲਿ ਰਹੀਐ ਮਾਧਉ**' ਵਾਂਗ ਸੰਸਾਰਿਕ ਕਾਰ-ਵਿਹਾਰ ਕਰਦਿਆਂ ਆਪਣੇ-ਆਪ ਨੂੰ ਕੇਂਦਰੀ-ਧੁਰੇ ਪਰਮਾਤਮਾ ਨਾਲ ਹਮੇਸ਼ਾ ਵਾਸਤੇ ਜੋੜੀ ਰੱਖਣਾ ਹੈ।

ਕਹਿਣ ਨੂੰ ਤਾਂ ਅੱਜ ਗਰੀਬ ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਆਜ਼ਾਦ ਹੈ ਪ੍ਰੰਤੂ ਅੱਜ ਵੀ ਗ਼ਰੀਬ ਲੋਕੀ ਇਨ੍ਹਾਂ ਦੋਹਾਂ ਦੀ ਗ਼ੁਲਾਮੀ ਵਿਚ ਗ੍ਰਸੇ ਹੋਏ ਹਨ। ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਧਾਰਮਿਕ ਵਿਚਾਰਧਾਰਾ ਨੂੰ ਅਮਲ ਵਿਚ ਲਿਆਉਂਦਿਆਂ ਅੱਜ ਦਾ ਸਮਾਜ ਇਨ੍ਹਾਂ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਹੋ ਸਕਦਾ ਹੈ। ਮੈਨੂੰ ਵਿਦੇਸ਼ਾਂ ਵਿਚ ਜਾਣ ਦਾ ਮੌਕਾ ਮਿਲਿਆ ਅਤੇ ਖਾਸ ਕਰਕੇ ਆਦਿਧਰਮ ਸਮਾਜ ਵਿਚ। ਕਹਿਣ ਨੂੰ ਤਾਂ ਉਥੇ ਸਾਰੇ ਅਮੀਰ ਸ਼੍ਰੇਣੀ ਦੇ ਦਲਿਤ ਹਨ ਪ੍ਰੰਤੂ 80% ਲੋਕ ਅਜੇ ਵੀ ਰੱਬ ਤੋਂ ਟੁੱਟੇ ਹੋਏ ਅਤੇ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਕੋਹਾਂ ਦੂਰ ਹਨ। ਉਹ ਅਜੇ ਵੀ ਕੁਰੀਤਾਂ ਵਿਚ ਡੁੱਬੇ ਹੋਏ ਹਨ ਅਤੇ ਆਪਣੇ ਪਿਛਲੇ ਸਮਾਜ ਨੂੰ ਭੁੱਲੀ ਬੈਠੇ ਹਨ। ਉਨ੍ਹਾਂ ਦੀ ਅਗਲੀ ਪੀੜ੍ਹੀ ਇਨ੍ਹਾਂ ਸਭ ਗੱਲਾਂ ਤੋਂ ਕੋਰੀ ਹੀ ਨਹੀਂ ਸਗੋਂ ਉਹ ਪੱਛਮੀ ਸੱਭਿਅਤਾ ਅਤੇ ਸੱਭਿਆਚਾਰ ਦਾ ਅੰਗ ਬਣ ਗਈ ਹੈ। ਅਸੀਂ ਅਜੇ ਵੀ ਕੌਮੀ ਅਗਵਾਈ ਤੋਂ ਪਿਛਾਂਹ ਹਟਦੇ ਜਾ ਰਹੇ ਹਾਂ। ਅੱਜ ਦਾ ਬਹੁਤਾ ਬੌਧਿਕ ਦਲਿਤ ਸਮਾਜ ਸੌੜੀ ਸੋਚ ਵਿਚ ਡੁੱਬਿਆ ਹੋਇਆ ਹੈ। ਕੁਝ ਕੁ ਸਮਝਦਾਰ, ਅਗਾਂਹਵਧੂ ਅਤੇ ਬੁੱਧੀਜੀਵੀ, ਮਹਾਨ ਗੁਰੂ ਦੀਆਂ ਸਿੱਖਿਆਵਾਂ ਨੂੰ ਅੱਗੇ ਤੋਰ ਰਹੇ ਹਨ।

ਆਪਣੀ ਧਰਤੀ ਅਤੇ ਵਿਦੇਸ਼ਾਂ ਵਿਚ ਵੀ ਅਜੇ ਧਰਮ ਖਾਤਰ ਚੌਧਰਦਾਰੀਆਂ ਦੀ ਪ੍ਰਾਪਤੀ ਲਈ ਬਰਾਬਰ ਖਿੱਚੋਤਾਣ ਹੈ। ਵਿਦੇਸ਼ਾਂ ਵਿਚ ਧਨ-ਦੌਲਤ ਦੀ ਬਹੁਲਤਾ ਹੁੰਦਿਆਂ ਹੋਇਆਂ ਵੀ ਉਥੇ ਵੀ ਫੋਕੀਆਂ ਚੌਧਰਦਾਰੀਆਂ ਨੂੰ ਲੈ ਕੇ ਆਪਣੇ ਮਹਾਨ ਗੁਰੂ ਦੇ ਮਹਾਨ ਫ਼ਲਸਫ਼ੇ (ਦਰਸ਼ਨ) ਤੋਂ ਲੋਕੀਂ ਦੂਰ ਹੁੰਦੇ ਜਾ ਰਹੇ ਹਨ ਜਾਂ ਲੜਾਈ-ਝਗੜੇ ਕਰਦੇ ਰਹਿੰਦੇ ਹਨ। ਸਿਆਣੇ ਕਹਿੰਦੇ ਹਨ, "ਜਿਹੜੇ ਲੋਕੀਂ ਆਪਣੇ ਵਡੇਰਿਆਂ ਨੂੰ ਸਮੇਂ ਨਾਲ ਭੁੱਲ ਜਾਂਦੇ ਹਨ, ਸਮਾਂ ਉਨ੍ਹਾਂ ਨੂੰ ਸੰਸਾਰ ਦੇ ਹਾਸ਼ੀਏ (ਕੋਨੇ) ਤੋਂ ਮਿਟਾ ਦਿੰਦਾ ਹੈ।"

ਅੱਜ ਦਾ ਦਲਿਤ ਵਰਗ ਜ਼ਿਆਦਾਤਰ ਇਕ ਸਾਲ ਦੌਰਾਨ ਆਪਣੇ ਗੁਰੂ ਨੂੰ 10-15 ਦਿਨ ਪ੍ਰਭਾਤ ਫੇਰੀਆਂ ਵਾਲੇ ਦਿਨ ਹੀ ਯਾਦ ਕਰਦਾ ਹੈ। ਲੋੜ ਹੈ ਸਾਰਾ ਸਾਲ ਗੁਰੂ ਦੇ ਦੱਸੇ ਉਪਦੇਸ਼ਾਂ 'ਤੇ ਚੱਲਣ ਦੀ। ਅੱਜ ਦਾ ਬੌਧਿਕ ਦਲਿਤ ਵਰਗ ਵੀ ਘੱਟ ਪੜ੍ਹੇ-ਲਿਖੇ ਜਾਂ ਅਨਪੜ੍ਹ ਸਮਾਜ ਨੂੰ ਆਪਣੇ ਨਾਲ ਨਹੀਂ ਤੋਰ ਸਕਿਆ। ਸਤਿਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਇਨ੍ਹਾਂ ਲੋਕਾਂ ਬਾਰੇ ਲਿਖਦੇ ਹਨ "**ਮਾਧੋ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ ॥**" ਭਾਵ ਕਿ ਗੁਰੂ ਗਿਆਨ ਤੋਂ ਬਿਨ੍ਹਾਂ ਮਨੁੱਖ ਦੀ ਸੁਚੇਤ ਬੁੱਧੀ ਦਾ ਦੀਵਾ ਵੀ ਮਲੀਨ (ਧੁੰਧਲਾ) ਹੋ ਚੁੱਕਾ ਹੈ। ਸਤਿਗੁਰੂ ਜੀ ਨੇ ਮਨੁੱਖ ਦੀ ਬੌਧਿਕ ਵਿਦਵਤਾ ਦਾ ਜ਼ਿਕਰ ਅਵਿੱਦਿਆ ਦੀ ਤਰਕ ਦੇ ਕੇ ਸਮਝਾਇਆ ਹੈ। ਅੱਜ ਬੌਧਿਕ ਦੀਵਾਲੀਆਪਨ ਪੰਜਾਬੀਆਂ ਅਤੇ ਖਾਸ ਕਰਕੇ ਦਲਿਤ-ਸ਼ੋਸ਼ਿਤ ਸਮਾਜ ਦੀ ਇਕ ਗੰਭੀਰ ਸਮੱਸਿਆ ਹੈ। ਇਕ ਪਾਸੇ ਦਲਿਤ ਸਮਾਜ ਦੀ ਸੋਚ ਨੂੰ

ਕੁਝ ਕੁ ਸਹੂਲਤਾਂ ਦੇ ਕੇ ਖੁੰਢਿਆ ਕੀਤਾ ਗਿਆ ਹੈ ਅਤੇ ਦੂਜੇ ਪਾਸੇ ਜ਼ੋਰਦਾਰ ਮੀਡੀਆ ਅਤੇ ਹੋਰ ਲੁੱਕਵੇਂ ਸਿਸਟਮ ਰਾਹੀਂ ਇਨ੍ਹਾਂ ਦੀ ਤਰੱਕੀ ਵਿਚ ਰੋੜਾ ਅਟਕਾਇਆ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਪਰਖਣ ਵਿਚ ਦਲਿਤ ਕੌਮ ਵਿਚ ਦੂਰਅੰਦੇਸ਼ੀ ਦੀ ਘਾਟ ਰਹੀ ਹੈ। ਜਿਸ ਕਾਰਨ ਅਸੀਂ ਖੁਦ ਹੀ ਬੌਧਿਕ ਪੱਧਰ ਦੀ ਜਮਾਤ ਨੂੰ ਆਪਣੀ ਹੀ ਬਣਾਈ ਹੋਈ ਕਸੌਟੀ 'ਤੇ ਰੱਦ ਕਰ ਦਿੰਦੇ ਹਾਂ ਅਤੇ ਨਿਕਲਦੇ ਨਤੀਜਿਆਂ ਨੂੰ ਖਿੜੇ ਮੱਥੇ ਕਬੂਲਦੇ ਹਾਂ। ਅੱਜ ਕਸੌਟੀ ਆਪਣੇ ਆਪ ਨੂੰ ਪਰਖਣ ਅਤੇ ਆਪਣੇ ਅੰਦਰ ਝਾਤੀ ਮਾਰਨ ਦੀ ਹੈ। ਆਲਮ ਫਾਜ਼ਲ ਨੇ ਆਪਣੇ ਇਕ ਸ਼ੇਅਰ ਵਿਚ ਖ਼ੂਬ ਕਿਹਾ ਹੈ –

"ਜਿਸ ਕਸੌਟੀ ਪੇ ਆਪ ਹਮੇਂ ਪਰਖਤੇ ਹੈਂ ਨਦੀਮ,
ਕਿਆ ਨਤੀਜਾ ਨਿਕਲੇ ਅਗਰ ਆਪ ਕੋ ਪਰਖਾ ਜਾਏ"॥


ਆਓ ਅੱਜ ਤੋਂ ਹੀ ਅਸੀਂ ਇਹ ਸੰਕਲਪ ਕਰੀਏ ਕਿ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਅਨੁਸਾਰ ਜੀਵਨ ਜੀਊਣਾ ਹੈ। "ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਸ ਸਿਉ ਜੋਰਿ ਅਵਰ ਸੰਗਿ ਤੋਰੀ॥" ਆਪਣੀ ਪ੍ਰੀਤ ਨੂੰ ਅੰਧਵਿਸ਼ਵਾਸੀ ਧਾਰਮਿਕ ਅਕੀਦਿਆਂ ਨਾਲੋਂ ਤੋੜ ਕੇ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੋੜਣਾ ਹੈ।



ਅੱਜ ਲੋੜ ਹੈ ਆਪਾ ਸੰਵਾਰਨ ਅਤੇ ਦੂਜੇ ਭੁੱਲੇ-ਭਟਕੇ ਲੋਕਾਂ ਨੂੰ ਸਹੀ ਰਸਤੇ 'ਤੇ ਲਿਆਉਣ ਦੀ। ਜਿਵੇਂ ਇਕ ਸ਼ਮਾਂ (ਦੀਪਕ) ਦੂਜੀ ਸ਼ਮਾਂ ਨੂੰ ਰੋਸ਼ਨ ਕਰ ਦਿੰਦੀ ਹੈ, ਠੀਕ ਉਸੇ ਤਰ੍ਹਾਂ ਸਾਨੂੰ ਇਕ-ਦੂਜੇ ਦਾ ਸਾਥ ਦੇਣਾ ਚਾਹੀਦਾ ਹੈ। ਅੱਜ ਲੋੜ ਹੈ ਮਹਾਨ ਕ੍ਰਾਂਤੀਕਾਰੀ ਗੁਰੂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਬੇਗ਼ਮਪੁਰੇ ਦਾ ਸੁਪਨਾ ਸਾਕਾਰ ਕਰਨ ਦੀ। ਗੁਰੂ ਪ੍ਰਤੀ ਸਾਡੀ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਜੇ ਉਨ੍ਹਾਂ ਦੀ ਕ੍ਰਾਂਤੀਕਾਰੀ ਸੋਚ ਨੂੰ ਆਪਣੇ ਅਮਲੀ (ਵਿਹਾਰਿਕ) ਜੀਵਨ ਵਿਚ ਅਪਣਾਈਏ ਅਤੇ ਦੂਜਿਆਂ ਵਿਚ ਪ੍ਰਚਾਰੀਏ।

ਹਰਨੇਕ ਸਿੰਘ, ਪ੍ਰਿੰਸੀਪਲ (ਰਿਟਾ.) ਭੋਗਪੁਰ
94782-21620

# ਇਨਕਲਾਬੀ ਰਹਿਨੁਮਾ : ਸ੍ਰੀ ਗੁਰੂ ਰਵਿਦਾਸ ਜੀ



ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਮਹਾਨ ਸੰਤ-ਕਵੀਆਂ, ਚਿੰਤਕਾਂ, ਵਿਚਾਰਕਾਂ ਤੇ ਅਨੁਭਵੀ ਪੁਰਸ਼ਾਂ ਵਿਚੋਂ ਇਕ ਸਨ ਜਿਨ੍ਹਾਂ ਨੇ ਆਪਣੀ ਮਧੁਰ, ਕੋਮਲ, ਤਰਕਸ਼ੀਲ ਤੇ ਪ੍ਰਭਾਵਸ਼ਾਲੀ ਬਾਣੀ ਰਾਹੀਂ ਸਮਕਾਲੀਨ ਸਮਾਜ ਵਿਚ ਪੈਦਾ ਹੋਈਆਂ ਕੁਰੀਤੀਆਂ ਜਿਵੇਂ ਜਾਤ-ਪਾਤ, ਛੂਤ-ਛਾਤ, ਵੈਰ-ਵਿਰੋਧ, ਸਮਾਜਿਕ ਅਸਮਾਨਤਾ, ਆਰਥਿਕ ਮੰਦਹਾਲੀ ਅਤੇ ਮਾਨਵ ਵਿਰੋਧੀ ਰਾਜਨੀਤਿਕ ਸ਼ਕਤੀਆਂ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਬਨਾਰਸ ਦੇ ਮੁਖੀ ਪੰਡਿਤਾਂ ਵੱਲੋਂ ਡੰਡਉਤਿ ਵੰਦਨਾ ਕਰਵਾਉਣ ਵਾਲਾ ਇਹ ਜਨ-ਨਾਇਕ ਨਾ ਕੇਵਲ ਅਛੂਤਾਂ ਲਈ, ਬਲਕਿ ਵਿਦਵਾਨ ਪੰਡਿਤਾਂ ਅਤੇ

ਰਾਜੇ-ਰਾਣੀਆਂ ਲਈ ਵੀ ਇਕ ਮਹਾਨ ਦਰਸ਼ਕ ਬਣ ਕੇ ਤਤਕਾਲੀਨ ਸਮਾਜ ਵਿਚ ਦਲਦਲ ਹੋ ਚੁੱਕੀ ਭਾਰਤ-ਭੂਮੀ ਦੇ ਸੀਨੇ ਉੱਪਰ ਕਮਲ ਦੇ ਫੁੱਲ ਵਾਂਗ ਖਿੜਿਆ ਜਿਸਨੇ ਪ੍ਰਦੂਸ਼ਿਤ ਹੋ ਚੁੱਕੇ ਚੁਗਿਰਦੇ ਨੂੰ ਆਪਣੇ ਨੂਰ ਅਤੇ ਕੀਰਤੀ ਦੀਆਂ ਸੁਗੰਧੀਆਂ ਰਾਹੀਂ ਲਿਸ਼ਕਾਇਆ, ਚਮਕਾਇਆ ਅਤੇ ਮਹਿਕਾਇਆ।

ਸ੍ਰੀ ਗੁਰੂ ਰਵਿਦਾਸ ਜੀ ਦਾ ਤੇਜੱਸਵੀ ਵਿਅਕਤਿਤਵ ਸਦੀਆਂ ਤੋਂ ਪੀੜ੍ਹਤ, ਸਾਹ-ਸਤਹੀਣ ਹੋ ਚੁੱਕੇ ਜਨ-ਸਾਧਾਰਨ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ। ਇਕ ਅਜਿਹਾ ਸੁਨੇਹਾ ਜਿਸ ਨੇ ਭਵਿੱਖ ਵਿਚ ਰੂੜ੍ਹੀਵਾਦੀ ਸਮਾਜ ਵੱਲੋਂ ਵਲੀਆਂ ਹੋਈਆਂ ਜੰਜ਼ੀਰਾਂ ਨੂੰ ਤੋੜ ਕੇ ਇਕ ਨਵੇਂ, ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਜੀਵਨ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ।

ਗੁਰੂ ਜੀ ਦਾ ਸਮੁੱਚਾ ਜੀਵਨ ਉਨ੍ਹਾਂ ਗਰੀਬ, ਨਿਰਾਸ਼, ਹੰਭੇ ਹੋਏ ਮਾਯੂਸ ਲੋਕਾਂ ਪ੍ਰਤੀ ਸਮਰਪਿਤ ਸੀ ਜਿਨ੍ਹਾਂ ਨੂੰ ਰਾਜਨੀਤਿਕ, ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਪੱਖੋਂ ਲਤਾੜਿਆ ਗਿਆ ਸੀ, ਜਿਨ੍ਹਾਂ ਤੋਂ ਜ਼ਿੰਦਗੀ ਜਿਊਣ ਦਾ ਹਰ ਹੱਕ ਖੋਹ ਲਿਆ ਗਿਆ ਸੀ ਅਤੇ ਜਿਨ੍ਹਾਂ ਨੂੰ ਨਿਰਾਦਰੀ ਤੇ ਬੇਪੱਤੀ ਵਾਲਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਕੀਤਾ ਗਿਆ ਸੀ। ਸਦੀਆਂ ਬਾਅਦ ਭਾਰਤ ਦੇ ਪੀੜ੍ਹਤ, ਦੱਬੇ-ਕੁਚਲੇ, ਪਦ-ਦਲਿਤ ਤੇ ਪਛਾੜੇ ਹੋਏ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਰੂਪ ਵਿਚ ਆਪਣਾ ਰਹਿਨੁਮਾ ਮਿਲਿਆ ਜੋ ਉਨ੍ਹਾਂ ਦੇ ਦੁੱਖਾਂ, ਦਰਦਾਂ ਤੇ ਪੀੜ੍ਹਾਂ ਦੇ ਯਥਾਰਥ ਨੂੰ ਨਾ ਕੇਵਲ ਸਮਝਦਾ ਹੀ ਸੀ, ਬਲਕਿ ਉਸ ਨੇ ਖ਼ੁਦ ਆਪਣੇ ਪਿੰਡੇ 'ਤੇ ਇਨ੍ਹਾਂ ਦਰਦਾਂ ਨੂੰ ਸਹਿਣ ਕੀਤਾ ਸੀ।

ਅਛੂਤ-ਵਰਗ ਵਿਚ ਪੈਦਾ ਹੋ ਕੇ ਉੱਚ-ਵਰਗ ਲਈ ਪ੍ਰਕਾਸ਼-ਸਤੰਭ ਬਣਨ ਵਾਲੇ ਇਸ ਮਹਾਨ ਕ੍ਰਾਂਤੀਕਾਰੀ ਰਹਿਬਰ ਨੇ ਆਪਣੀ ਬਾਣੀ ਦੁਆਰਾ ਇਸ ਧਰਤੀ 'ਤੇ ਸਮਾਜਵਾਦੀ-ਲੋਕਤੰਤਰ ਦਾ ਸੰਕਲਪ ਪੇਸ਼ ਕੀਤਾ ਅਤੇ ਕਾਮੇ-ਕਿਰਤੀਆਂ ਤੇ ਕਿਸਾਨਾਂ ਦੀ ਲੁੱਟੀ ਜਾ ਰਹੀ ਕਿਰਤ ਵਿਰੁੱਧ ਜਨ-ਚੇਤਨਾ ਪੈਦਾ ਕੀਤੀ। ਸ੍ਰੀ ਗੁਰੂ ਰਵਿਦਾਸ ਜੀ ਦਾ ਭਗਤੀ-ਮਾਰਗ ਬਹੁਤ ਸਰਲ, ਸਾਦਾ, ਸਵੈਮਾਣ-ਭਰਪੂਰ, ਆਡੰਬਰ ਤੇ ਕਰਮ-ਕਾਂਡ ਰਹਿਤ ਮਾਰਗ ਹੈ। ਆਪਣੇ-ਆਪਣੇ ਅਨੁਭਵ, ਆਤਮਿਕ ਗਿਆਨ ਅਤੇ ਕਲਿਆਣਕਾਰੀ ਜੀਵਨ ਦੁਆਰਾ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਜੰਤਰਾਂ-ਮੰਤਰਾਂ, ਤੀਰਥ, ਵਰਤ, ਜੋਗ-ਵਿਧੀਆਂ, ਮੂਰਤੀ ਪੂਜਾ, ਜੰਜੂ, ਦੀਪ, ਅਰਚਨਾ ਅਤੇ ਊਚ-ਨੀਚ ਤੇ ਜਾਤਾਂ-ਪਾਤਾਂ ਵਿਚ ਗ੍ਰਸੀ ਹੋਈ ਭਾਰਤੀ ਜਨਤਾ ਨੂੰ ਜੀਵਨ-ਜਿਊਣ ਦੀ ਇਕ ਇਨਕਲਾਬੀ ਸੇਧ ਪ੍ਰਦਾਨ ਕੀਤੀ।

ਗੁਰੂ ਜੀ ਦੀਆਂ ਸਮਕਾਲੀਨ ਪਰਿਸਥਿਤੀਆਂ ਅਜਿਹੀਆਂ ਸਨ ਕਿ ਉਨ੍ਹਾਂ ਵੱਲੋਂ ਪ੍ਰਭੂ-ਭਗਤੀ ਦਾ ਸਹਿਜ-ਮਾਰਗ ਅਪਨਾਉਣ 'ਤੇ ਉਨ੍ਹਾਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ। ਪ੍ਰੰਤੂ ਪਾਖੰਡੀ ਪ੍ਰੋਹਿਤਾਂ ਤੇ ਕੱਟੜ-ਰੂੜ੍ਹੀਵਾਦੀਆਂ ਨੂੰ ਸੱਚ ਦੇ ਮਾਰਗ 'ਤੇ ਤੋਰਨ ਦਾ ਉਨ੍ਹਾਂ ਦਾ ਢੰਗ ਬੜਾ ਹੀ ਤਰਕਸ਼ੀਲ ਤੇ ਨਿਰਾਲਾ ਸੀ। ਆਪ ਨੇ ਬ੍ਰਾਹਮਣਸ਼ਾਹੀ ਪਾਖੰਡਤਾ ਨੂੰ ਵੰਗਾਰਨ ਅਤੇ ਦਲਿਤਾਂ ਦੇ ਸਮਾਨ ਅਧਿਕਾਰਾਂ ਨੂੰ ਜਤਲਾਉਣ ਲਈ ਬਚਪਨ ਵਿਚ ਹੀ ਉਹ ਕੰਮ ਕਰਨੇ ਸ਼ੁਰੂ ਕਰ ਦਿੱਤੇ ਜੋ ਹਿੰਦੂ ਧਰਮ ਗ੍ਰੰਥਾਂ ਅਨੁਸਾਰ ਕੇਵਲ ਉੱਚ-ਜਾਤੀਏ ਹੀ ਕਰ ਸਕਦੇ ਸਨ। ਇਨਕਲਾਬੀ ਰਹਿਬਰ ਵੱਲੋਂ ਪੰਡਿਤਾਂ ਵਾਲੇ ਕਾਰਜ ਕਰਨੇ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਸਵਾਰਥੀ ਲੋਕਾਂ ਉਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਅਖੌਤੀ ਧਰਮ ਦੇ ਝੁੱਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗ਼ਾਵਤ ਵੱਲ ਪੁੱਟਿਆ ਪਹਿਲਾ ਕਦਮ ਸੀ।

ਹਿੰਦੂ ਧਰਮ ਵਿਚ ਪ੍ਰਚੱਲਿਤ 'ਆਰਤੀ' ਨੂੰ ਆਪ ਨੇ 'ਝੂਠੇ ਸਗਲ ਪਾਸਾਰੇ' ਕਹਿ ਕੇ ਕੇਵਲ ਇਕ 'ਦਿਖਾਵਾ' ਘੋਸ਼ਿਤ ਕੀਤਾ। ਮੂਰਤੀ ਪੂਜਕ ਭਗਤਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫੁੱਲ ਅਤੇ

ਦੁੱਧ ਆਦਿ ਨਾਲ ਮੂਰਤੀਆਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲੁਆਉਣ ਦੇ ਤਰੀਕੇ ਨੂੰ ਆਪ ਨੇ ਬ੍ਰਾਹਮਣਸ਼ਾਹੀ ਆਡੰਬਰ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰ ਦੀਆਂ ਮੂਰਤੀਆਂ ਤੇ ਵੱਟਿਆਂ ਨੂੰ ਭੋਗ ਲੁਆਉਣ ਲਈ ਭੇਟ ਕੀਤਾ ਦੁੱਧ, ਫੁੱਲ ਅਤੇ ਜਲ ਪਹਿਲਾਂ ਹੀ ਕ੍ਰਮਵਾਰ ਵੱਛੇ, ਭੰਵਰੇ ਅਤੇ ਮੱਛਲੀ ਨੇ ਜੂਠੇ ਕੀਤੇ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ ?

ਸ੍ਰੀ ਗੁਰੂ ਰਵਿਦਾਸ ਜੀ ਇਕ ਇਨਕਲਾਬੀ ਯੋਧੇ ਅਤੇ ਮਹਾਨ ਚਿੰਤਕ ਸਨ। ਆਪ ਨੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਪ੍ਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਆਪ ਨੇ ਨਿਮਨ ਵਰਗ ਦੇ ਲੋਕਾਂ ਵਿਚ ਸਵੈ-ਵਿਸ਼ਵਾਸ, ਸਵੈ-ਸ਼ਕਤੀ ਅਤੇ ਸਵੈ-ਮਾਣ ਜਗਾ ਕੇ ਉਨ੍ਹਾਂ ਨੂੰ ਭਗਤੀ ਅਤੇ ਸਮਾਜਿਕ ਖੇਤਰ ਵਿਚ ਕੁਲੀਨ ਵਰਗ ਦੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ 'ਪ੍ਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗ਼ੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਆਪ ਨੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ। ਜਾਤ-ਪਾਤ, ਊਚ-ਨੀਚ, ਸੁੱਟ-ਭਿੱਟ ਅਤੇ ਛੂਆ-ਛਾਤ ਵਿਰੁੱਧ ਹੱਕ ਤੇ ਸੱਚ ਦੀ ਆਵਾਜ਼ ਬੁਲੰਦ ਕਰਨਾ ਸ੍ਰੀ ਗੁਰੂ ਰਵਿਦਾਸ ਜੀ ਦਾ ਇਕ ਕ੍ਰਾਂਤੀਕਾਰੀ ਕਦਮ ਸੀ।

ਮਨੁੱਖੀ ਸਮਾਜ ਅੰਦਰ ਧਰਮ ਦੀਆਂ ਕੁਰਹਿਤਾਂ, ਕਮੀਆਂ, ਕੁਰੀਤੀਆਂ, ਕੁਮਾਰਗਾਂ ਅਤੇ ਕੁਬੋਲਾਂ ਵਿਰੁੱਧ ਜਨ-ਚੇਤਨਾ ਪੈਦਾ ਕਰਕੇ ਸਦੀਆਂ ਤੋਂ ਲਿਤਾੜੇ, ਪਛਾੜੇ ਤੇ ਪੀੜ੍ਤ ਵਰਗ ਦੇ ਲੋਕਾਂ ਨੂੰ ਆਪਸੀ ਪਿਆਰ, ਸਤਿਕਾਰ, ਸੁਮੇਲ, ਸਦਭਾਵਨਾ, ਸੁਹਿਰਦਤਾ, ਸਾਹਸ, ਸਬਰ, ਸੰਤੋਖ, ਸਹਿਣਸ਼ੀਲਤਾ, ਸਮਾਨਤਾ, ਸੁਤੰਤਰਤਾ ਅਤੇ ਸੁਕਿਰਤ ਜਿਹੇ ਸ੍ਰੇਸ਼ਟ ਗੁਣ ਪੈਦਾ ਕਰਕੇ 'ਸਤ ਸੰਗਤਿ ਮਿਲਿ ਰਹੀਐ' ਵਾਲਾ ਇਕ ਸੁਚੱਜਾ ਸਮਾਜ ਸਿਰਜਣ ਦਾ ਸੁਨੇਹਾ ਸ੍ਰੀ ਗੁਰੂ ਰਵਿਦਾਸ ਬਾਣੀ ਦਾ ਮੂਲ ਮੰਤਵ ਹੈ। ਆਪ ਨੇ ਉੱਚਤਮ ਸ਼੍ਰੇਣੀਆਂ ਦੀ ਅਖੌਤੀ ਸ੍ਰੇਸ਼ਟਤਾ ਨੂੰ ਨਿਡਰ, ਨਿਰਭੈ ਤੇ ਨਿਸੰਗ ਹੋ ਕੇ, ਸੱਚ ਸੁਣਾ ਕੇ ਵੰਗਾਰਿਆ, 'ਪੰਡਿਤ ਸੂਰ ਛਤ੍ਰਪਤਿ ਰਾਜਾ' ਦੀ ਗ਼ੁਲਾਮੀ ਨੂੰ ਫਟਕਾਰਿਆ ਅਤੇ ਖ਼ੂਬਸੂਰਤ ਢੰਗ ਨਾਲ 'ਭਗਤ ਬਰਾਬਰਿ ਅਉਰ ਨ ਕੋਇ' ਕਹਿ ਕੇ ਭਗਤ ਨੂੰ ਉੱਚਾ ਤੇ ਪਵਿੱਤਰ ਦੱਸਦਿਆਂ ਉਪਰੋਕਤ ਤਿੰਨਾਂ ਨੂੰ ਤੁੱਛ ਕਰਾਰ ਦਿੱਤਾ।

ਸ੍ਰੀ ਗੁਰੂ ਰਵਿਦਾਸ ਜੀ ਨੇ ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੀ ਸੁਰੱਖਿਆ ਲਈ ਅਧਿਆਤਮਿਕਤਾ ਦੇ ਬੰਦ ਦਰਵਾਜ਼ੇ ਖੋਲ੍ਹੇ। ਆਪ ਨੇ ਚਿਤੌੜ ਦੀ ਮਹਾਰਾਣੀ ਝਾਲਾਂ ਉਰਫ਼ ਰਤਨ ਕੁੰਵਰ ਅਤੇ ਉਸ ਦੀ ਨੂੰਹ, ਭਾਰਤ ਦੀ ਪ੍ਰਸਿੱਧ ਸੰਤ ਮੀਰਾ ਬਾਈ ਨੂੰ ਦੀਕਸ਼ਾ ਦੇ ਕੇ ਇਸਤਰੀ ਦੇ ਮਾਣ, ਸਨਮਾਨ ਅਤੇ ਸਤਿਕਾਰ ਵਿਚ ਵਾਧਾ ਕੀਤਾ।

ਸ੍ਰੀ ਗੁਰੂ ਰਵਿਦਾਸ ਸੱਚੇ ਕਰਮਯੋਗੀ ਸਨ ਅਤੇ ਆਪ ਕਿਰਤ ਨੂੰ ਪ੍ਰਭੂ-ਭਗਤੀ ਵਾਂਗ ਹੀ ਪਵਿੱਤਰ ਸਮਝਦੇ ਸਨ। ਆਪ ਨੂੰ ਆਪਣੇ ਜੀਵਨ ਵਿਚ ਜਿੰਨਾ ਮਾਣ ਤੇ ਸਨਮਾਨ ਪ੍ਰਾਪਤ ਹੋਇਆ, ਇਹ ਵੀ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੀ ਹੈ। ਚਿਤੌੜ ਦਾ ਸ਼ਾਹੀ ਘਰਾਣਾ, ਕਾਂਸ਼ੀ ਨਰੇਸ਼ ਹਰਦੇਵ ਸਿੰਘ ਨਾਗਰ ਅਤੇ ਬਨਾਰਸ ਦੇ ਅਨੇਕ ਪ੍ਰਮੁੱਖ ਪੰਡਿਤ ਆਪ ਦੇ ਸੇਵਕਾਂ ਵਿਚੋਂ ਸਨ। ਜੇਕਰ ਆਪ ਚਾਹੁੰਦੇ ਤਾਂ ਰਾਜ-ਗੁਰੂ ਵਾਲਾ ਆਰਾਮ-ਪ੍ਰਸਤ ਜੀਵਨ ਬਤੀਤ ਕਰ ਸਕਦੇ ਸਨ, ਪ੍ਰੰਤੂ ਉਨ੍ਹਾਂ ਨੇ ਇੰਜ ਨਹੀਂ ਕੀਤਾ। ਉਹ ਸਾਰੀ ਉਮਰ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਦੇ ਰਹੇ, ਸਗੋਂ ਇਸ ਧਰਮ ਦੀ ਕਿਰਤ ਵਿਚੋਂ ਸਾਧ-ਸੰਗਤ ਦੀ ਸੇਵਾ ਕਰਦੇ ਹੋਏ ਜਨ-ਸਾਧਾਰਨ ਲਈ ਪ੍ਰੇਰਣਾ ਸਰੋਤ ਬਣੇ। ਉਨ੍ਹਾਂ ਨੇ ਜੀਵਨ ਵਿਚ ਜੋ

ਵਿਚਾਰਿਆ, ਉਸ ਨੂੰ ਕਮਾਇਆ ਅਤੇ ਜੋ ਕਮਾਇਆ, ਉਹੋ ਹੀ ਸੁਣਾਇਆ ਤੇ ਪ੍ਰਗਟਾਇਆ। ਆਪ ਦੇ ਵਿਅਕਤਿਤਵ ਦੀ ਇਸ ਵਿਸ਼ੇਸ਼ਤਾ ਦੀ ਪ੍ਰਸੰਸਾ ਕਰਦਿਆਂ ਗੁਰੂ ਸਾਹਿਬਾਨ ਅਤੇ ਦੂਸਰੇ ਸੰਤ-ਕਵੀਆਂ ਨੇ ਵੀ ਆਪ ਦੀ ਮਹਿਮਾ ਦਾ ਗਾਇਨ ਕੀਤਾ ਹੈ:

**ਰਵਿਦਾਸੁ ਚਮਾਰੁ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ ॥**

**ਪਤਿਤ ਜਾਤ ਉਤਮੁ ਭਇਆ, ਚਾਰਿ ਵਰਨ ਪਏ ਪਗਿ ਆਇ ॥**

**(ਸ੍ਰੀ ਗੁਰੂ ਰਾਮਦਾਸ ਜੀ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-733)**

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆਂ-ਪੂਰਨ, ਅੱਤਿਆਚਾਰੀ ਅਤੇ ਅੰਦੇਸ਼ਿਆਂ ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗ਼ਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ ਜਿਸ ਵਿਚ ਏਕਾਧਿਕਾਰੀ ਸਾਮੰਤਸ਼ਾਹੀ ਹਕੂਮਤ ਦੀ ਥਾਂ ਸਹੀ ਅਰਥਾਂ ਵਿਚ ਲੋਕਤੰਤਰ ਹੋਵੇ।

ਵਾਸਤਵ ਵਿਚ ਸ੍ਰੀ ਗੁਰੂ ਰਵਿਦਾਸ ਜੀ ਨੇ ਰਹੱਸਮਈ ਪਾਰਲੌਕਿਕਤਾ ਨੂੰ ਜਨ-ਕਲਿਆਣ ਹਿੱਤ ਲੌਕਿਕਤਾ ਵਿਚ ਪਰਿਵਰਤਿਤ ਕਰਨ ਦਾ ਇਤਿਹਾਸਿਕ ਕਾਰਜ ਕੀਤਾ ਹੈ। ਆਪ ਦਾ ਇਹ ਸ਼ਬਦ ਅਰਥਚਾਰੇ ਦਾ ਇਕ ਵਿਚਾਰਨਯੋਗ ਨਮੂਨਾ ਹੈ। ਪ੍ਰੰਤੂ ਪਦਾਰਥਵਾਦੀ ਰੁਚੀਆਂ ਤੇ ਆਧੁਨਿਕ ਯੁੱਗ ਦੀਆਂ ਵਿਗਿਆਨਿਕ ਪ੍ਰਾਪਤੀਆਂ ਦੇ ਪ੍ਰਭਾਵ ਅਧੀਨ ਅਸੀਂ ਆਪਣੇ ਮਹਾਨ ਸੰਤ-ਸਤਿਗੁਰੂਆਂ ਦੀ ਵਿਚਾਰਧਾਰਾ ਤੋਂ ਵਿਵਹਾਰਕ ਰੂਪ ਵਿਚ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਜੇਕਰ ਆਪਣੀ ਸਵੈ-ਪੜਚੋਲ ਕਰੀਏ, ਆਪਣੇ ਚੁਗਿਰਦੇ ਨਜ਼ਰ ਮਾਰੀਏ ਤਾਂ ਅਜੋਕੀਆਂ ਤੇ ਮੱਧਕਾਲੀਨ ਪ੍ਰਸਥਿਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜਸ਼ਕਤੀ ਦਾ ਕੈਦੀ, ਗ਼ੁਲਾਮ ਤੇ ਪ੍ਰਾਧੀਨ ਹੈ। ਅੱਜ ਫਿਰ ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਮੌਜੂਦ ਹਨ।

ਬ੍ਰਾਹਮਣਵਾਦ ਹਰ ਮਨੁੱਖ, ਜਾਤ, ਕੌਮ, ਮਜ਼ਬ ਅਤੇ ਨਸਲ ਵਿਚ ਸਮਾ ਗਿਆ ਹੈ। ਨਸ਼ਾਖੋਰੀ, ਸੁਰਿਤ ਤੋਂ ਬੇਮੁਖਤਾ ਤੇ ਬੇਰੁਖ਼ੀ, ਬਦਇਖ਼ਲਾਕੀ, ਬੇਈਮਾਨੀ, ਬੇਕਾਇਦਗੀ, ਬੇਗ਼ੈਰਤੀ, ਬੇਤਰਸੀ, ਬੇਦਰਦੀ, ਬੇਪ੍ਰਤੀਤੀ, ਬੇਵਿਸ਼ਵਾਸੀ, ਬੇਪ੍ਰਵਾਹੀ, ਬੇਵਫ਼ਾਈ, ਬੇਲਿਹਾਜ਼ੀ ਅਜੋਕੇ ਮਨੁੱਖ ਦੀ ਵਿਸ਼ੇਸ਼ਤਾ ਬਣ ਗਏ ਹਨ।

ਅੱਜ ਸ੍ਰੀ ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹੈ। ਲੋਭ, ਲਾਲਚ, ਲਾਲਸਾ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਵਹਾਰਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਬ੍ਰਾਹਮਣਵਾਦੀ ਕਰਮ-ਕਾਂਡ, ਆਡੰਬਰ ਤੇ ਪਾਖੰਡ ਦਾ ਗੁਰੂ ਜੀ ਨੇ ਖੰਡਨ ਕੀਤਾ, ਉਸ ਨੂੰ ਹੀ ਪੂਰੀ ਤਰ੍ਹਾਂ ਅਪਣਾ ਲਿਆ ਗਿਆ ਹੈ। ਸ੍ਰੀ ਗੁਰੂ ਰਵਿਦਾਸ ਧਰਮ-ਅਸਥਾਨਾਂ ਤੋਂ ਇਕ ਪਾਸੇ ਤਾਂ ਗੁਰੂ ਜੀ ਦੀ ਮੂਰਤੀ ਅੱਗੇ ਥਾਲ ਸਜਾ ਕੇ, ਜੋਤਾਂ ਜਗਾ ਕੇ ਆਰਤੀ ਉਤਾਰੀ ਜਾਂਦੀ ਹੈ ਅਤੇ ਦੂਸਰੇ ਪਾਸੇ ਗੁਰੂ ਜੀ ਦੇ ਆਰਤੀ-ਵਿਰੋਧੀ ਉਚਾਰੇ ਸ਼ਬਦ 'ਨਾਮ ਤੇਰੋ ਆਰਤੀ' ਦਾ ਗਾਇਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਚਾਹੀਦੈ ਹੈ ਕਿ ਬਾਣੀ ਦੀ ਵਿਆਖਿਆ ਕਰਕੇ ਸੰਗਤ ਨੂੰ ਇਸ ਕੁਰਹਿਤ ਤੋਂ ਰੋਕਣ।


ਗੁਰੂ ਜੀ ਨੇ ਤਾਂ 'ਆਰਤੀ' ਵਾਲੇ ਸ਼ਬਦ ਵਿਚ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ' ਅਤੇ 'ਭਾਰ ਅਠਾਰਹ ਸਗਲ ਜੂਠਾਰੇ' ਲਿਖ ਕੇ ਆਰਤੀਆਂ ਉਤਾਰਨ ਦਾ ਪੁਰਜ਼ੋਰ ਖੰਡਨ ਕੀਤਾ ਹੈ। ਇਸੇ ਲਈ ਹੀ ਸ੍ਰੀ ਗੁਰੂ ਰਵਿਦਾਸ ਧਾਰਮਿਕ-ਸਥਾਨਾਂ 'ਤੇ ਸ਼ਬਦ-ਗਾਇਨ ਦੇ ਨਾਲ ਬਾਣੀ ਦੀ ਵਿਆਖਿਆ ਕਰਨੀ ਵਧੇਰੇ ਲੋੜੀਂਦੀ ਹੈ ਤਾਂ ਕਿ ਦਲਿਤ-ਸਮਾਜ ਵਿਵਹਾਰਕ ਰੂਪ ਵਿਚ ਗੁਰੂ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਪਨਾ ਕੇ 'ਰਵਿਦਾਸਮਯ' ਬਣ ਸਕੇ। ਸਾਡਾ ਸਾਰਿਆਂ ਦਾ ਇਹ ਫ਼ਰਜ਼ ਬਣਦੈ ਕਿ ਸਤਿਗੁਰੂ ਰਵਿਦਾਸ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਅਮਲੀ ਤੇ ਵਿਵਹਾਰਕ ਰੂਪ ਵਿਚ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਯਤਨ ਕਰੀਏ, ਤਾਂ ਹੀ ਆਪ ਜੀ ਦੇ ਪੁਰਬ ਮਨਾਉਣੇ ਅਤੇ ਧਾਰਮਿਕ ਸਮਾਗਮ ਆਯੋਜਿਤ ਕਰਨੇ ਸਾਰਥਕ ਹੋ ਸਕਦੇ ਹਨ।



ਡਾ. ਜੀ.ਸੀ. ਕੌਲ ਐਮ.ਏ., ਪੀ.ਐਚ.ਡੀ.

ਮੋ. 94632-23223

# ਕਹਿ ਰਵਿਦਾਸ ਖਲਾਸ ਚਮਾਰਾ ॥



ਅੱਜ ਤੋਂ 6-7 ਸੌ ਸਦੀਆਂ ਪਹਿਲਾਂ ਤੋਂ ਜਦ ਕਿਸੇ ਨੂੰ ਘ੍ਰਿਣਾ ਕਰਨੀ ਹੋਵੇ, ਨਿਰਾਦਰ ਕਰਨਾ ਹੋਵੇ ਜਾਂ ਉਸ ਨੂੰ ਹੀਨ-ਭਾਵਨਾ ਨਾਲ ਪੀੜ੍ਹਤ ਕਰਨਾ ਹੋਵੇ ਤਾਂ ਉਸ ਨੂੰ 'ਚਮਾਰ' ਕਹਿ ਦਿੱਤਾ ਜਾਂਦਾ ਸੀ, ਕਿਉਂਕਿ ਇਹ ਨਿਰਧਨ ਸੀ, ਨਿਰਬਲ ਸੀ, ਨਿਮਾਣਾ ਸੀ, ਨਿਤਾਣਾ ਸੀ ਤੇ ਨਿਆਸਰਾ ਸੀ। ਇਸ ਲਈ ਇਹ ਹਰ ਘੁਮੰਡੀ ਵਰਗ ਦੇ ਹਰ ਜਣੇ-ਖਣੇ ਵੱਲੋਂ ਦੁਰਕਾਰਿਆ ਤੇ ਪੀੜਿਆ ਜਾ ਰਿਹਾ ਸੀ। ਪਰ ਬਲਿਹਾਰ ਜਾਈਏ ਉਸ ਅਗਮ (Inaccessible), ਅਗੰਭੜੇ (Fathomless) ਵੀਰ ਯੋਧੇ ਦੇ ਜਿਸ ਨੇ ਇਸ ਨੂੰ ਘ੍ਰਿਣਾ ਦੀ ਤਪਸ਼ ਅਤੇ ਹੀਨ-ਭਾਵਨਾ ਦੀ ਬਦਬੂ ਵਿਚੋਂ ਕੱਢ ਕੇ ਮਾਨਵਤਾ ਦੇ ਬਗੀਚੇ ਦਾ ਸੁੰਦਰ, ਸੁਗੰਧਿਤ ਫੁੱਲ ਦੇ ਰੂਪ ਵਿਚ ਬਦਲ ਦਿੱਤਾ। ਜੀ ਹਾਂ! ਤੁਸੀਂ ਠੀਕ ਸਮਝੇ। ਉਹ ਮਹਾਨ ਰਹਿਬਰ ਹਨ ਪਰਮ ਹੰਸ ਮਾਨਵਤਾ ਪੁੰਜ ਸਤਿਗੁਰੂ ਰਵਿਦਾਸ ਮਹਾਰਾਜ ਜੀ।

ਭਾਰਤ ਦੇਸ਼ ਅੰਦਰ ਪੂਰਵ ਕਾਲ ਤੋਂ ਇਕ ਨਸਲ (Race) ਵੱਸ ਰਹੀ ਸੀ। ਅੱਜ ਦੇ ਸਮੇਂ ਵਿਚ ਜਿਸ ਨੂੰ 'ਮੂਲਵਾਸੀ' ਜਾਂ 'ਆਦਿਵਾਸੀ' ਨਾਮ ਨਾਲ ਪੁਕਾਰਿਆ ਜਾਂਦਾ ਹੈ। ਇਹ ਮਨੁੱਖੀ ਨਸਲ (Human Race) ਪੁਰਾਣੇ ਸਮਿਆਂ ਤੋਂ ਭਾਰਤ ਵਿਚ ਆਪਣਾ ਪ੍ਰਸ਼ਾਸ਼ਨਿਕ, ਰਾਜਨੀਤਿਕ, ਸਮਾਜਿਕ ਤੇ ਭਾਈਚਾਰਕ ਸਾਂਝ ਵਾਲਾ ਜੀਵਨ ਚਲਾ ਰਹੀ ਸੀ। ਇਹ ਮਨੁੱਖੀ ਨਸਲ ਸੱਭਿਆ, ਖੁਸ਼ਹਾਲ, ਉੱਨਤ ਤੇ ਆਨੰਦਮਈ ਜੀਵਨ ਬਤੀਤ ਕਰ ਰਹੀ ਸੀ। ਮੱਧ-ਏਸ਼ੀਆ ਦੇ ਲੋਕ ਜੋ ਉਸ ਸਮੇਂ ਭੁੱਖ-ਪਿਆਸ ਨਾਲ ਬੜਾ ਦੁਖਦਾਈ ਜੀਵਨ ਬਤੀਤ ਕਰ ਰਹੇ ਸਨ। ਰੋਟੀ-ਪਾਣੀ ਤੇ ਜੀਵਨ ਦੀਆਂ ਹੋਰ ਲੋੜਾਂ ਦੀ ਭਾਲ ਵਿਚ ਏਧਰ-ਓਧਰ ਨਿਕਲ ਤੁਰੇ। ਭੁੱਖ-ਪਿਆਸ ਤੇ ਗਰੀਬੀ ਮਨੁੱਖ ਨੂੰ ਫੁਰਤੀਲਾ, ਕਪਟੀ, ਸੰਘਰਸ਼ਮਈ,



ਜਾਤ-ਪਾਤ ਨੂੰ ਦਰਸਾਉਂਦਾ ਦ੍ਰਿਸ਼

ਨਿਰਦਈ ਤੇ ਜੁਝਾਰੂ ਬਣਾ ਦਿੰਦੀ ਹੈ। ਭਾਰਤ ਵਰਗੇ ਹਰ ਪੱਖੋਂ ਉੱਨਤੀ ਕਰ ਚੁੱਕੇ ਦੇਸ਼ ਵੱਲ ਵਧੇ ਇਨ੍ਹਾਂ ਲੋਕਾਂ ਨੇ ਭਾਰਤ ਦੇ ਮੂਲਵਾਸੀ ਲੋਕ ਜੋ ਆਪਣੀ ਖੁਸ਼ਹਾਲੀ ਦੇ ਕਾਰਨ ਬੜੇ ਆਰਾਮਪ੍ਰਸਤ, ਸੁਸਤ ਤੇ ਜਾਹਿਲ ਬਣ ਚੁੱਕੇ ਸਨ। ਇਨ੍ਹਾਂ ਮੱਧ-ਏਸ਼ੀਆਈ ਲੋਕਾਂ ਨੇ ਭਾਰਤ ਦੀ ਉੱਨਤੀ ਤੇ ਖੁਸ਼ਹਾਲ ਅਵਸਥਾ ਨੂੰ ਵੇਖਿਆ। ਆਪਣਾ ਸੰਘਰਸ਼ਮਈ, ਨਿਰਦਈ ਤੇ ਜੁਝਾਰੂ ਸੁਭਾਅ ਦਾ ਪ੍ਰਯੋਗ ਕਰਕੇ ਇਨ੍ਹਾਂ ਲੋਕਾਂ ਨੇ ਭਾਰਤ ਦੇ ਸੁਸਤ ਹੋ ਚੁੱਕੇ ਲੋਕਾਂ ਨੂੰ ਮਾਰਧਾੜ, ਲੁੱਟ-ਖੋਹ ਤੇ ਨਿਰਦੈਇਤਾ ਦੇ ਨਾਲ ਲੁੱਟਿਆ। ਜਿਨ੍ਹਾਂ ਵਿਰੋਧ ਕੀਤਾ, ਉਨ੍ਹਾਂ ਦਾ ਕਤਲੇਆਮ ਕੀਤਾ। ਉਨ੍ਹਾਂ ਨੂੰ ਘਰਾਂ ਵਿਚ ਹੀ ਅੱਗਾਂ ਲਾ ਕੇ ਸਾੜ ਦਿੱਤਾ ਤੇ ਧਨ, ਧਰਤੀ 'ਤੇ ਕਬਜ਼ਾ ਜਮਾ ਲਿਆ। ਹੜੱਪਾ ਤੇ ਮਹਿੰਜਦੜੋ ਦੇ ਖੰਡਰ ਇਸ ਦੀ ਗਵਾਹੀ ਭਰਦੇ ਹਨ। ਇਨ੍ਹਾਂ ਹੌਲੀ-ਹੌਲੀ ਸਾਰੇ ਭਾਰਤ ਦੇ ਭਾਗਾਂ 'ਤੇ ਅਧਿਕਾਰ ਜਮਾ ਲਿਆ। ਫਿਰ ਇਨ੍ਹਾਂ ਮੂਲਵਾਸੀਆਂ ਨੂੰ ਡਰ ਕਾਰਨ ਕਿ ਇਹ ਕਿਤੇ ਮੁੜ ਇਕੱਠੇ ਹੋ ਕੇ ਆਪਣੀ ਸ਼ਕਤੀ ਬਟੋਰ ਕੇ ਸਾਡਾ ਟਾਕਰਾ ਨਾ ਕਰਨ ਤੇ ਸਾਨੂੰ ਏਥੋਂ ਖਦੇੜ ਨਾ ਦੇਣ, ਇਨ੍ਹਾਂ ਮੂਲਵਾਸੀਆਂ 'ਤੇ ਭਾਂਤ-ਭਾਂਤ ਦੇ ਜ਼ੁਲਮ ਕਰਨੇ ਆਰੰਭ ਕਰ ਦਿੱਤੇ। ਸਾਹਿਤ ਇਸ ਪ੍ਰਕਾਰ ਦਾ ਘੜਨ ਲੱਗ ਪਏ ਜਿਸ ਵਿਚੋਂ ਹੈਂਕੜ, ਭਿੰਨਤਾ ਤੇ ਘ੍ਰਿਣਾ ਦੀ ਸੜਾਂਦ ਆਉਂਦੀ ਸੀ, ਦਾਸਤਾ ਦੀ ਜੰਜ਼ੀਰ ਖਿਲਾਰੀ ਜਾ ਰਹੀ ਸੀ। ਇਨ੍ਹਾਂ ਲੋਕਾਂ ਨੂੰ ਉਦੋਂ ਸਾਹ ਆਇਆ ਜਦੋਂ ਏਥੋਂ ਦੇ ਮੂਲਵਾਸੀਆਂ ਦਾ ਮਲੀਆਮੇਟ ਪੂਰੀ ਤਰ੍ਹਾਂ ਹੋ ਗਿਆ। ਮੂਲਵਾਸੀ ਸਦਾ-ਸਦਾ ਲਈ ਸਿਰ ਚੁੱਕਣ ਜੋਗੇ ਨਹੀਂ ਰਹੇ। ਇਹ ਧਾੜਵੀ ਲੋਕ ਬਾਅਦ ਵਿਚ ਆਰੀਆ (ਉੱਤਮ ਕੁੱਲ ਦਾ) ਹੋ ਕੇ ਸਦਾਏ। ਆਰੀਆ ਲੋਕਾਂ ਦੀ ਇਹ ਬਣਾਈ ਹੋਈ ਵਿਵਸਥਾ ਨੇ ਭਾਰਤ ਦੇ ਮਾਲਕ ਰਹਿ ਚੁੱਕੇ ਆਦਿਵਾਸੀ-ਮੂਲਵਾਸੀ ਦੀ ਹਾਲਤ ਗੰਦਗੀ ਦੇ ਢੇਰ ਵਰਗੀ ਬਣ ਗਈ ਜਿਸ ਵਿਚੋਂ ਇਕ 'ਚਮਾਰ' ਜਾਤੀ ਪੈਦਾ ਹੋਈ। ਮਾਨਵ-ਵਰਗ ਦੀ ਇਹ ਦੁਰਦਸ਼ਾ ਵੇਖ ਕੇ ਪ੍ਰਭੂ ਦੀ ਆਤਮਾ ਵੀ ਪੀੜਾ ਨਾਲ ਤ੍ਰਾਹ-ਤ੍ਰਾਹ ਕਰ ਉੱਠੀ। ਇਸ ਨੂੰ ਸੁਧਾਰਨ ਲਈ ਪ੍ਰਭੂ ਦਾ ਕਿਸੇ ਦੂਤ ਨੂੰ ਘੱਲਣਾ ਜ਼ਰੂਰੀ ਹੋ ਗਿਆ।

ਸ੍ਰੀ ਗੁਰੂ ਰਵਿਦਾਸ ਜੀ ਦੇ ਸੰਨ 1377 ਈ. ਦੇ ਜਨਮ ਸਮੇਂ 'ਚਮਾਰ' ਜਾਤੀ ਦੀ ਹਾਲਤ ਬੜੀ ਤਰਸਯੋਗ ਬਣੀ ਹੋਈ ਸੀ। ਚਮਾਰ ਜਾਤੀ ਸਮਾਜ਼ ਦੇ ਸਭ ਤੋਂ ਹੇਠਲੇ ਪੱਧਰ 'ਤੇ ਜਾ ਪਹੁੰਚੀ ਸੀ। ਆਪਣੇ ਸਮਾਜ ਦੀ ਇਹ ਤਰਸਯੋਗ, ਅਤਿਮੰਦੀ ਹਾਲਤ ਵੇਖ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਆਤਮਾ ਕੁਰਲਾ ਪਈ। ਉਨ੍ਹਾਂ ਇਸ ਦੁਰਦਸ਼ਾ ਨੂੰ ਸੁਧਾਰਨ ਦਾ ਸੰਕਲਪ ਲਿਆ।

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੇ ਹਮਖਿਆਲ ਸਮਕਾਲੀਆਂ ਸਰਵ ਗੁਰੂ ਕਬੀਰ ਜੀ, ਗੁਰੂ ਪੀਪਾ ਜੀ, ਗੁਰੂ ਸਧਨਾ ਜੀ, ਗੁਰੂ ਸੈਨ ਜੀ ਆਦਿ ਨੂੰ ਨਾਲ ਲੈ ਕੇ ਡੁੱਬਦੀ ਜਾਂਦੀ ਮਾਨਵਤਾ ਨੂੰ

ਉਭਾਰਨ ਦਾ ਬੀੜਾ ਚੁੱਕਿਆ। ਇਸ ਤੋਂ ਪਹਿਲਾਂ ਗੁਰੂ ਨਾਮਦੇਵ ਜੀ ਇਹ ਪਵਿੱਤਰ ਕਾਰਜ ਆਰੰਭ ਕਰ ਚੁੱਕੇ ਸਨ। ਫਿਰ ਗੁਰੂ ਰਵਿਦਾਸ ਜੀ ਦਾ ਸਾਥ ਗੁਰੂ ਨਾਨਕ ਦੇਵ ਜੀ ਨੇ ਵੀ ਦਿੱਤਾ। ਸਭ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਜੀ ਨੇ ਸਮਾਜ ਦਾ ਕੋਹੜ ਬਣ ਚੁੱਕੇ ਸ਼ਬਦ 'ਚਮਾਰ' ਨੂੰ ਲਿਆ। ਇਨ੍ਹਾਂ ਨੇ ਇਹ ਸਿੱਧ ਕਰਨ ਲਈ ਕਿ ਚਮਾਰ ਜਾਂ ਹੋਰ ਕੋਈ ਪੱਛੜੀ ਜਾਤੀ ਜਿਸ ਨੂੰ ਹੰਕਾਰੀਆਂ ਹੀਨ ਬਣਾਇਆ ਹੋਇਆ ਹੈ, ਪ੍ਰਭ ਦੇ ਘਰ ਵਿਚ ਕੋਈ ਹੀਨ-ਦੀਨ, ਨੀਵਾਂ-ਉੱਚਾ ਨਹੀਂ ਹੈ। ਉਨ੍ਹਾਂ ਇਹ ਵੀ ਸਿੱਧ ਕਰ ਵਿਖਾਇਆ ਕਿ ਕੋਈ ਆਪਣੇ-ਆਪ ਨੂੰ ਉੱਚਾ ਕਹਿ ਕੇ ਰੱਬ ਦੇ ਘਰ ਦਾ ਹੱਕਦਾਰ ਨਹੀਂ ਬਣ ਜਾਂਦਾ। ਉਨ੍ਹਾਂ ਪ੍ਰਭੂ ਦੇ ਪੈਦਾ ਕੀਤੇ ਹੋਏ ਸਭ ਮਨੁੱਖਤਾ ਨੂੰ ਬਰਾਬਰ ਹੋਣ ਦਾ ਹੋਕਾ ਦਿੱਤਾ। ਮਨੁੱਖ ਵਰਗ ਦਾ ਕੋਈ ਵੀ ਧਰਮ, ਫਿਰਕਾ ਜਾਂ ਜਾਤੀ ਪ੍ਰਭੂ ਦੀ ਅਰਾਧਨਾ ਕਰਕੇ ਉਸ ਦੀ ਪ੍ਰਾਪਤੀ ਕਰ ਸਕਦਾ ਹੈ। ਉਨ੍ਹਾਂ ਭਗਤੀ ਕਰਕੇ ਪ੍ਰਭੂ-ਪ੍ਰਾਪਤੀ ਕਰਕੇ ਵਿਖਾ ਵੀ ਦਿੱਤੀ।

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਮਾਨਵ ਕਲਿਆਣ ਲਈ ਬਾਣੀ ਦੀ ਰਚਨਾ ਕੀਤੀ। ਉਨ੍ਹਾਂ ਨੇ ਬਿਨਾਂ ਸੰਕੋਚ ਕੀਤਿਆਂ ਆਪਣੀ ਪਾਵਨ ਅੰਮ੍ਰਿਤ-ਰਸ ਭਿੰਨੀ ਬਾਣੀ ਵਿਚ ਆਪਣੇ ਨਾਮ ਦੇ ਨਾਲ 'ਚਮਾਰ' ਸ਼ਬਦ ਦਾ ਪ੍ਰਯੋਗ ਕੀਤਾ। **'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'** ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਦਰਜ ਬਾਣੀ ਦੇ 40 ਸ਼ਬਦਾਂ ਤੇ ਇਕ ਸਲੋਕ ਵਿਚ 6 ਵਾਰ 'ਚਮਾਰ' ਸ਼ਬਦ ਦਾ ਪ੍ਰਯੋਗ ਕੀਤਾ ਹੈ। ਚਮਰਾਜ ਤੇ ਚਮਈਆ ਵਰਗੇ ਨਾਵਾਂ ਨਾਲ ਨਵੀਂ ਖੋਜੀ ਬਾਣੀ ਵਿਚ ਵੀ 6 ਥਾਈਂ 'ਚਮਾਰ' ਸ਼ਬਦ ਆਉਂਦਾ ਹੈ ਅਤੇ ਸਬੱਬ ਨਾਲ ਇਨ੍ਹਾਂ ਦੇ 265 ਸਾਖੀਆਂ (ਸਲੋਕ-ਦੋਹੇ) ਵਿਚ ਵੀ 6 ਥਾਈਂ 'ਚਮਾਰ' ਸ਼ਬਦ ਆਉਂਦਾ ਹੈ। ਜਿਵੇਂ **'ਕਹਿ ਰਵਿਦਾਸ ਖਲਾਸ ਚਮਾਰਾ'** (ਰਾਗੁ ਗਉੜੀ ਗੁਆਰੇਰੀ) **'ਚਰਨ ਸਰਨ ਰਵਿਦਾਸ ਚਮਈਆ'** (ਸ਼ਬਦ=81) **"ਸਭ ਘਟ ਬਯਾਪਕ ਅਲਖ ਨਿਰੰਜਨ, ਕਹਿ ਰਵਿਦਾਸ ਚਮਾਰਾ"** (ਸਾਖੀ=97)।


ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਧੜੱਲੇ ਨਾਲ ਆਪਣੇ-ਆਪ ਨੂੰ ਚਮਾਰ ਕਿਹਾ। ਹਰ ਇਕ ਦੇ ਮਨ ਦਾ ਭੁਲੇਖਾ ਚੰਗੀ ਤਰ੍ਹਾਂ ਦੂਰ ਕਰ ਦਿੱਤਾ। ਆਪ ਜੀ ਪ੍ਰਤੱਖ ਵਰਨਣ ਕਰਦੇ ਹਨ, **"ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥"** ਅਤੇ **"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ॥"** ਹੋਰ ਥਾਂ, **"ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥"** ਇਸ ਪ੍ਰਕਾਰ ਸ੍ਰੀ ਗੁਰੂ ਰਵਿਦਾਸ ਇਹ ਸਿੱਧ ਕਰਦੇ ਹਨ ਕਿ ਚਮੜੇ ਤੋਂ ਬਿਨਾਂ ਸੰਸਾਰ ਦੀ ਹੋਂਦ ਅਸੰਭਵ ਹੈ। ਉਨ੍ਹਾਂ ਦਾ ਇਹ ਸ਼ਬਦ ਪੜ੍ਹੋ :

**ਜਬ ਦੇਖਾ ਤਬ ਚਾਮੋ ਚਾਮ, ਚਾਮ ਮੰਦੂ ਮਾਹਿ ਖੇਲੈ ਰਾਮ॥**
**ਚਾਮ ਕਾ ਊਠ ਚਾਮ ਕਾ ਨਗਾਰਾ, ਚਾਮੋ ਚਾਮ ਬਜਾਵਣ ਹਾਰਾ॥**
**ਚਾਮ ਕਾ ਬਛੜਾ ਚਾਮ ਕੀ ਗਾਇ, ਚਾਮੋ ਚਾਮ ਦੁਹਾਵਣ ਜਾਇ॥**
**ਚਾਮ ਕਾ ਘੋੜਾ ਚਾਮ ਕਾ ਜੀਨ, ਚਾਮੋ ਚਾਮ ਕਰੇ ਤਾਲੀਮ॥**
**ਚਾਮ ਕਾ ਪੁਰਖ ਚਾਮ ਕੀ ਜੋ, ਚਾਮੋ ਚਾਮ ਮਿਲਾਵਾ ਹੋ॥**
**ਕਹਿ ਰਵਿਦਾਸ ਰਾਮ ਹਮਾਰਾ ਭਾਈ, ਰਾਮ ਮੰਦਰ ਮਹਿ ਰਾਮ ਦੇਹ ਦਿਖਾਈ॥**

ਚਮਾਰ ਵੀਰੋ ਤੇ ਭੈਣੋ! ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਪ੍ਰਬਚਨਾਂ ਵਿਚ ਆਪਣੇ ਨਾਮ ਦੇ ਨਾਲ ਮਾਨਵ ਵਿਰੋਧੀ ਵਰਗ ਵੱਲੋਂ ਤ੍ਰਿਸਕਾਰ ਵਜੋਂ ਦਿੱਤਾ ਸ਼ਬਦ 'ਚਮਾਰ' ਜੋੜ ਕੇ ਪਰਮ-ਪਿਤਾ ਪਰਮਾਤਮਾ ਅਕਾਲ-ਪੁਰਖ, ਅਗਮ-ਅਗੋਚਰ ਦੇ ਦਰਬਾਰ ਵਿਚ ਆਪਣੀ ਆਤਮਿਕ ਸ਼ਕਤੀ ਨਾਲ ਇਹ ਗੱਲ ਸਿੱਧ ਕਰਵਾ ਲਈ ਹੈ ਕਿ ਪ੍ਰਭੂ ਦੇ ਦਰਬਾਰ ਵਿਚ ਉਹ ਸਾਰੇ ਜਾਤੀ ਵਰਗ ਸਨਮਾਨਿਤ ਹਨ

ਜਿਨ੍ਹਾਂ ਦੇ ਮਨ ਸਾਫ਼, ਪਵਿੱਤਰ, ਛਲ ਰਹਿਤ ਤੇ ਪ੍ਰੇਮ-ਭਾਵਨਾ ਨਾਲ ਭਰਪੂਰ ਹਨ। ਸਤਿਗੁਰੂ ਜੀ ਨੇ ਤੁਹਾਡੇ ਮਨਾਂ ਵਿਚੋਂ ਹੀਨ-ਭਾਵਨਾ ਨੂੰ ਕੱਢ ਦਿੱਤਾ ਹੈ ਤੇ ਚਮਾਰ ਹੋਣਾ ਗੌਰਵਮਈ ਬਣਾ ਦਿੱਤਾ ਹੈ। ਇਸ ਦਾ ਪ੍ਰਤੀਕਰਮ ਇਹ ਹੋਇਆ ਹੈ ਕਿ ਇਕ ਚਮਾਰ ਦੇ ਜੀਵਨ ਸੁਧਾਰ ਦੇ ਕਾਰਜ ਵਿਚ ਜੋ ਖੜੋਤ ਆ ਗਈ ਸੀ, ਉਸ ਵਿਚ ਅੱਗੇ ਵਧਣ ਦੀ ਗਤੀ ਆ ਗਈ ਹੈ। ਭਾਵੇਂ ਇਹ ਵੇਗ ਅਜੇ ਪਹਿਲੇ ਪੜਾ 'ਤੇ ਹੀ ਹੈ ਤੇ ਮੰਜ਼ਿਲ ਦੂਰ ਹੈ। ਪਰ ਇਕ ਚਮਾਰ ਵਿਚ ਆਇਆ ਆਤਮ-ਵਿਸ਼ਵਾਸ਼ ਇਸ ਦਾ ਮਾਨਸਿਕ ਬਲ ਬਣ ਗਿਆ ਹੈ। ਮਾਰਗ ਦੇ ਕੰਢੇ ਤੇ ਰੋੜੇ ਦੂਰ ਕਰਨ ਦਾ ਇਸ ਨੂੰ ਵਲ ਆ ਗਿਆ ਹੈ।

ਦੂਸਰੀ ਗੱਲ ਪ੍ਰਕ੍ਰਿਤੀ ਦਾ ਪਰਿਵਰਤਨ ਨਿਯਮ ਇਸ ਦੇ ਨਾਲ ਹੈ। ਸੰਸਾਰ ਦਾ ਹਰ ਕਰਮ ਪਰਿਵਰਤਨਸ਼ੀਲ ਹੈ। ਫਿਰ ਚਮਾਰ ਪੁਰਖ ਦੇ ਜੀਵਨ ਦਾ ਨੀਵਾਂ ਪੱਧਰ ਉੱਚੇ ਪੱਧਰ 'ਤੇ ਕਿਉਂ ਨਾ ਆਵੇਗਾ ? ਹਰ ਹੀਲੇ ਕੁਦਰਤ ਦੇ ਨਿਯਮ ਅਨੁਸਾਰ ਹੇਠਲੀ ਉਪਰ ਹੋਣੀ ਹੀ ਹੋਣੀ ਹੈ। ਭਾਵੇਂ ਚਮਾਰ ਵਰਗ ਬਣਾਉਣ ਵਾਲਾ ਵਰਗ ਤੇ ਇਸ ਦੀ ਦੁਰਦਸ਼ਾ ਕਰਨ ਵਾਲਾ ਕਿੰਨਾ ਹੀ ਕਠਿਨ ਅਯੋਗ ਯੋਗ ਯਤਨ ਕਰ ਲਵੇ, ਪਰਮਾਤਮਾ ਦੇ ਨਿਹਚੇ ਅੱਗੇ ਅੜ ਨਹੀਂ ਸਕਦਾ। ਪ੍ਰਭੂ ਨੇ ਹਾਲਾਤ ਅਜਿਹੇ ਬਣਾ ਦੇਣੇ ਹਨ ਕਿ ਇਹ ਵੇਖਦੇ ਹੀ ਰਹਿ ਜਾਣਗੇ ਅਤੇ ਪਰਿਵਰਤਨ ਇਨ੍ਹਾਂ ਦੇ ਅੱਗੇ ਹੋਵੇਗਾ। ਕਿਉਂਕਿ ਜ਼ਾਲਮ ਦੇ ਜ਼ੁਲਮ ਦਾ ਹਿਸਾਬ-ਕਿਤਾਬ ਜੋ ਹੋਣਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਬਚਨ ਹਨ, "ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥" ਇਸ ਆਦੇਸ਼ ਅਨੁਸਾਰ ਚਮਾਰ ਆਪਣੇ ਆਪ ਨੂੰ ਬਦਲਣ ਵਿਚ ਏਨਾ ਸਮਰੱਥ ਹੋ ਜਾਵੇਗਾ ਕਿ ਘੱਟ ਤੋਂ ਘੱਟ ਯੋਗ ਪੁਰਖ ਵੀ ਵੱਧ ਤੋਂ ਵੱਧ ਯੋਗਦਾਨ ਪਾਵੇਗਾ।




ਰਾਮਧਨ ਨਾਂਗਲੂ (ਭੋਗਪੁਰ)

ਮੋਬਾਈਲ - 98154-85844


## ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਸੰਬੰਧੀ ਕੁਝ ਭੁਲੇਖੇ - ਭਾਗ 8

ਪਿਛਲੇ ਟ੍ਰੈਕਟਾਂ ਵਿਚ ਅਸੀਂ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਚਾਰਧਾਰਾ ਸੰਬੰਧੀ ਪਾਏ ਜਾਂਦੇ ਕੁਝ ਭੁਲੇਖਿਆਂ ਅਤੇ ਸ਼ੰਕਿਆਂ ਦੀ ਨਵਿਰਤੀ ਕੀਤੀ ਸੀ। ਨਵਿਰਤੀ ਕਰਨ ਦਾ ਪੈਮਾਨੇ ਗੁਰੂ ਜੀ ਦੀ ਸਮੁੱਚੀ ਵਿਚਾਰਧਾਰਾ ਅਤੇ ਮਹਾਨ ਵਿਦਵਾਨਾਂ ਦੀਆਂ ਖੋਜ ਭਰਪੂਰ ਪੁਸਤਕਾਂ ਹਨ। ਇਨ੍ਹਾਂ ਸ਼ੰਕਿਆਂ ਤੇ ਭੁਲੇਖਿਆਂ ਦਾ ਵੇਰਵਾ ਇਸ ਪ੍ਰਕਾਰ ਹੈ -

1. ਕੀ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ ?

2. ਕੀ ਸ੍ਰੀ ਗੁਰੂ ਰਵਿਦਾਸ ਜੀ ਅਵਤਾਰ ਸਨ ?

3. ਕੀ ਸ੍ਰੀ ਗੁਰੂ ਜੀ ਨੇ ਮੂਰਤੀਆਂ, ਠਾਕਰਾਂ, ਪੱਥਰਾਂ ਦੀ ਪੂਜਾ ਕੀਤੀ ਸੀ ?

4. ਕੀ ਸ੍ਰੀ ਗੁਰੂ ਜੀ ਦੀ ਬਾਣੀ ਵਿਚ ਆਏ ਸ਼ਬਦ ਰਾਮ, ਰਾਜਾ ਰਾਮ, ਅਤੇ ਰਾਜਾ ਰਾਮਚੰਦ ਤੋਂ ਭਾਵ ਹੈ ਕਿ ਗੁਰੂ ਜੀ ਦਸ਼ਰਥ ਪੁੱਤਰ ਸ੍ਰੀ ਰਾਮਚੰਦਰ ਜੀ ਦੇ ਪੁਜਾਰੀ ਸਨ ?

5. ਗੁਰੂ ਜੀ ਦੇ ਸ਼ਬਦ

"ਮੇਰੀ ਸੰਗਤਿ ਪੋਚ, ਸੋਚ ਦਿਨੁ ਰਾਤੀ॥

ਮੇਰਾ ਕਰਮੁ ਕਟਿਲਤਾ, ਜਨਮੁ ਕੁਭਾਂਤੀ॥"

ਵਿਚ ਕੀ ਗੁਰੂ ਜੀ ਇਹ ਕਹਿ ਰਹੇ ਹਨ ਕਿ ਮੇਰੀ ਸੰਗਤ ਨੀਚ ਲੋਕਾਂ ਨਾਲ ਹੈ ? ਮੇਰਾ ਕੰਮ ਭੈੜਾ ਹੈ ? ਮੇਰਾ ਜਨਮ ਵੀ ਨੀਚਾਂ ਦੇ ਘਰ ਹੋਇਆ ਹੈ ?


6. ਗੁਰੂ ਜੀ ਦੇ ਸ਼ਬਦ

**"ਜਾਤੀ ਓਛਾ, ਪਾਤੀ ਓਛਾ, ਓਛਾ ਜਨਮੁ ਹਮਾਰਾ ॥**
**ਰਾਜਾ ਰਾਮ ਕੀ ਸੇਵ ਨ ਕੀਨੀ, ਕਹਿ ਰਵਿਦਾਸ ਚਮਾਰਾ ॥"**

ਵਿਚ ਕੀ ਗੁਰੂ ਜੀ ਇਹ ਕਹਿ ਰਹੇ ਹਨ ਕਿ ਮੇਰੀ ਜਾਤ ਨੀਵੀਂ ਹੈ, ਮੇਰੀ ਕੁਲ ਨੀਵੀਂ ਹੈ, ਅਤੇ ਮੇਰਾ ਜਨਮ ਵੀ ਨੀਵਿਆਂ ਦੇ ਘਰ ਹੋਇਆ ਹੈ ?

7. ਗੁਰੂ ਜੀ ਦੇ ਸ਼ਬਦ

**"ਸਤਜੁਗਿ ਸਤੁ, ਤੇਤਾ ਜਗੀ, ਦੁਆਪਰਿ ਪੂਜਾਚਾਰ ॥**
**ਤੀਨੌ ਜੁਗ, ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ॥"**



ਇਸ ਪਾਵਨ ਸ਼ਬਦ ਵਿਚ ਕੀ ਗੁਰੂ ਜੀ ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਿਯੁਗ ਚਾਰ ਯੁੱਗਾਂ ਦੀ ਵੰਡ ਅਤੇ ਇਨ੍ਹਾਂ ਦੀ ਪੂਜਾ ਵਿਧੀ ਨੂੰ ਪ੍ਰਵਾਨ ਕਰਦੇ ਹਨ ?

"ਕਲਿ ਕੇਵਲ ਨਾਮ ਅਧਾਰ" ਤੋਂ ਭਾਵ ਕਿ ਕੀ ਕਲਿਯੁਗ ਵਿਚ ਕੇਵਲ ਨਾਮ ਸਿਮਰਨ ਦਾ ਹੀ ਆਸਰਾ ਹੈ ? ਪਾਠਕਾਂ ਨੇ ਇਸ ਵਿਚਾਰ ਚਰਚਾ ਨੂੰ ਬੜਾ ਸਲਾਹਿਆ ਸੀ। ਇਸੇ ਲੜੀ ਨੂੰ ਜਾਰੀ ਰੱਖਦਿਆਂ ਇਸ ਵਾਰ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੁਆਰਾ ਰਾਗ ਸੋਰਠਿ ਵਿਚ ਉਚਾਰਨ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 658 'ਤੇ ਦਰਜ ਹੇਠ ਲਿਖੇ ਸ਼ਬਦ ਨੂੰ ਚੁਣਿਆ ਹੈ :-

**ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥੧॥ ਰਹਾਉ ॥**
**ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥੧॥**
**ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥**
**ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥**

– ਇਸ ਸ਼ਬਦ ਨੂੰ ਪੜ੍ਹ ਕੇ ਕੁਝ ਮਿਸ਼ਨ ਪ੍ਰੇਮੀਆਂ ਨੇ ਸੰਸਥਾ ਕੋਲ ਇਹ ਸ਼ੰਕਾ ਜਾਹਰ ਕੀਤਾ ਕਿ ਕਿਹਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਜੋੜੇ ਗੰਢਣ ਦੀ ਕਿਰਤ ਕਰਦੇ ਸਨ ਪ੍ਰੰਤੂ ਉਪਰੋਕਤ ਸ਼ਬਦ ਵਿਚ ਤਾਂ ਗੁਰੂ ਜੀ ਕਹਿ ਰਹੇ ਹਨ ਕਿ ਮੈਂ ਤਾਂ ਜੁੱਤੀ (ਪਨਹੀ) ਗੰਢਣਾ ਜਾਣਦਾ ਹੀ ਨਹੀਂ ਹਾਂ। ਕਿਉਂਕਿ ਨਾ ਤਾਂ ਮੇਰੇ ਕੋਲ ਆਰ ਹੈ ਜਿਸ ਨਾਲ ਮੈਂ ਜੁੱਤੀ ਨੂੰ ਤੋਪੇ ਲਾ ਸਕਾਂ। ਨਾ ਹੀ ਮੇਰੇ ਕੋਲ ਰੰਬੀ ਹੈ ਜਿਸ ਨਾਲ ਮੈਂ ਜੁੱਤੀ ਨੂੰ ਕੱਟ ਸਕਾਂ।

– ਕੁਝ ਸ਼ਰਧਾਵਾਨ ਗੁਰੂ ਪ੍ਰੇਮੀ ਇਹ ਕਹਿੰਦੇ ਹਨ ਕਿ ਸਾਡੇ ਗੁਰੂ ਐਨੇ ਮਹਾਨ ਹੋਏ ਹਨ, ਉਹ ਭਲਾ ਜੋੜੇ ਗੰਢਣ ਦਾ ਕੰਮ ਕਿਉਂ ਕਰਨਗੇ ?

ਪਿਆਰੀ ਸਾਧ-ਸੰਗਤ ਜੀ ਸ੍ਰੀ ਗੁਰੂ ਰਵਿਦਾਸ ਜੀ ਉਨ੍ਹਾਂ ਅਖੌਤੀ ਧਾਰਮਿਕ ਆਗੂਆਂ ਵਿਚੋਂ ਨਹੀਂ

ਸਨ ਜੋ ਸੰਸਾਰੀ ਕੰਮਕਾਰ ਛੱਡ ਕੇ ਵਿਹਲੇ ਰਹਿੰਦੇ ਹਨ ਅਤੇ ਦੂਸਰਿਆਂ ਦੇ ਘਰੋਂ ਭੋਜਨ ਛਕਣਾ ਆਪਣਾ ਅਧਿਕਾਰ ਅਤੇ ਦੂਸਰਿਆਂ ਦਾ ਫਰਜ਼ ਸਮਝਦੇ ਹਨ। ਸਗੋਂ ਸ੍ਰੀ ਗੁਰੂ ਜੀ ਨੇ ਸੱਚੀ-ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਫ਼ੁਰਮਾਉਂਦੇ ਹਨ ਕਿ ਸ਼੍ਰਮ (ਮਿਹਨਤ) ਕਰਕੇ ਕੀਤੀ ਕਮਾਈ ਨਾਲ ਪਾਰ ਉਤਾਰਾ ਹੁੰਦਾ ਹੈ ਤੇ ਇਹ ਕਦੇ ਵੀ ਨਿਹਫਲ ਨਹੀਂ ਜਾਂਦੀ।

**ਰਵਿਦਾਸ ਸ਼੍ਰਮ ਕਰ ਖਾਇਏ, ਜੋ ਲੌ ਪਾਰ ਬਸਾਏ॥**

**ਨੇਕ ਕਮਾਈ ਜੋ ਕਰੀ, ਕਬਹੁੰ ਨਾ ਨਿਹਫਲ ਜਾਏ॥**

ਸੋ ਸਾਧ-ਸੰਗਤ ਜੀ, ਕੀ ਚਮੜੇ ਦੀ ਕਿਰਤ ਕਰਨਾ ਮਾੜਾ ਕੰਮ ਹੈ ? ਜਿੰਨੇ ਵੀ ਮਹਾਨ ਰਹਿਬਰ ਹੋਏ ਹਨ, ਉਨ੍ਹਾਂ ਨੇ ਕੋਈ ਨਾ ਕੋਈ ਕਿਰਤ ਜ਼ਰੂਰ ਕੀਤੀ ਹੈ। ਸਤਿਗੁਰ ਨਾਮਦੇਵ ਜੀ ਦਰਜੀ ਦੇ ਕਿੱਤੇ ਨਾਲ ਸੰਬੰਧਿਤ ਸਨ, ਸਤਿਗੁਰ ਕਬੀਰ ਜੀ ਕੱਪੜਾ ਬੁਨਣ ਦਾ ਕਿੱਤਾ ਕਰਦੇ ਸਨ, ਸਤਿਗੁਰ ਨਾਨਕ ਦੇਵ ਜੀ ਨੇ ਕਿਰਸਾਨੀ ਦਾ ਕਿੱਤਾ ਕੀਤਾ ਹੈ। ਸਤਿਗੁਰ ਧੰਨਾ ਜੀ ਵੱਲੋਂ ਗਊਆਂ ਪਾਲਣ ਅਤੇ ਖੇਤੀ ਕਰਨ ਦਾ ਜ਼ਿਕਰ ਮਿਲਦਾ ਹੈ। ਸੋ ਗੁਰੂ ਰਵਿਦਾਸ ਜੀ ਨੇ ਵੀ ਕੋਈ ਨਾ ਕੋਈ ਕਿਰਤ ਜ਼ਰੂਰ ਕੀਤੀ ਹੋਵੇਗੀ। ਚਮੜੇ ਦੀ ਕਿਰਤ ਤੋਂ ਬਿਨਾਂ ਇਤਿਹਾਸ ਵਿਚ ਕਿਸੇ ਵੀ ਹੋਰ ਕਿਰਤ ਦਾ ਹਵਾਲਾ ਨਹੀਂ ਮਿਲਦਾ। ਗੁਰੂ ਜੀ ਆਪਣੀ ਬਾਣੀ ਵਿਚ ਹੀ ਇਸ ਕਿੱਤੇ ਦਾ ਹਵਾਲਾ ਦਿੰਦੇ ਫ਼ੁਰਮਾਉਂਦੇ ਹਨ -

**ਮੇਰੀ ਜਾਤਿ ਕੁਟਬਾਂਡਲਾ (ਚੰਮ ਉਤਾਰਨਾ) ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ॥**

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ, ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-1293)**

ਸ੍ਰੀ ਗੁਰੂ ਰਵਿਦਾਸ ਜੀ ਤਾਂ ਦੂਸਰੇ ਰਹਿਬਰਾਂ ਤੋਂ ਵੀ ਮਹਾਨ ਬਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਉਸ ਸਮਾਜ, ਪਰਿਵਾਰ ਵਿਚ ਜਨਮ ਲਿਆ ਜੋ ਗਰੀਬ ਸੀ ਅਤੇ ਜਿਸ ਨੂੰ ਵਿੱਦਿਆ ਪੜ੍ਹਨ ਅਤੇ ਪ੍ਰਭ ਦੀ ਭਗਤੀ ਕਰਨ ਦੀ ਬਿਲਕੁਲ ਮਨ੍ਹਾਹੀ ਸੀ। ਦੋਸ਼ ਵਜੋਂ ਸਜ਼ਾ-ਏ-ਮੌਤ ਦਿੱਤੀ ਜਾਂਦੀ ਸੀ। ਗੁਰੂ ਜੀ ਬੇਸ਼ੱਕ ਛੋਟੇ ਦਰਜੇ ਦਾ ਕਿੱਤਾ ਕਰਦੇ ਸਨ। ਪ੍ਰੰਤੂ ਫਿਰ ਵੀ ਗੁਰੂ ਜੀ ਐਨੇ ਮਹਾਨ ਹੋਏ ਹਨ ਜਿਨ੍ਹਾਂ ਨੇ ਸਮੁੱਚੇ ਵਿਸ਼ਵ ਨੂੰ ਬੇਗ਼ਮਪੁਰੇ ਦਾ ਸੰਕਲਪ ਦਿੱਤਾ ਅਤੇ ਸੰਸਾਰ ਵਿਚ ਨਵੇਂ ਪੂਰਨੇ ਪਾਏ ਜਿਸ 'ਤੇ ਅੱਜ ਸਾਰੇ ਵਿਸ਼ਵ ਨੂੰ ਮਾਣ ਹੈ। ਇਹੀ ਕਾਰਨ ਸੀ **ਅਬ ਬਿਪ੍ਰ ਪ੍ਰਧਾਨ ਤਿਹਿ ਕਰਹਿ ਡੰਡਉਤਿ** ਕਿ ਬ੍ਰਾਹਮਣਾਂ ਦੇ ਪ੍ਰਧਾਨ ਭਾਵ ਉੱਚਕੋਟੀ ਦੇ ਬ੍ਰਾਹਮਣ ਭਾਵ ਬ੍ਰਾਹਮਣੀ ਕਰਮ-ਕਾਂਡਾਂ ਵਿਚ ਪ੍ਰਪੱਕ ਬ੍ਰਾਹਮਣ ਧਰਤੀ 'ਤੇ ਡੰਡੇ ਵਾਂਗ ਲੰਮੇ ਪੈ-ਪੈ ਕੇ ਗੁਰੂ ਜੀ ਨੂੰ ਨਮਸਕਾਰਾਂ ਕਰਦੇ ਹਨ।

ਸਵਾਸ-ਸਵਾਸ ਪ੍ਰਭ ਦਾ ਸਿਮਰਨ ਕਰਨ ਵਾਲੀ ਰੂਹ ਜਦ ਆਪਣੇ ਸੰਸਾਰੀ ਕਾਰ-ਵਿਹਾਰ ਵਿਚ ਲਗਦੀ ਹੈ ਤਾਂ ਉਹ ਆਪਣੇ ਹੱਥਾਂ ਦੀ ਕਾਰ ਨੂੰ ਵੀ ਪ੍ਰਭ ਨਾਲ ਜੋੜ ਕੇ ਦੇਖਦੀ ਹੈ। ਇਸ ਪਾਵਨ ਸ਼ਬਦ ਵਿਚ ਸ੍ਰੀ ਗੁਰੂ ਰਵਿਦਾਸ ਜੀ ਆਪਣੀ ਨਿੱਤ ਦੀ ਕਾਰ ਵਿਚ ਪ੍ਰਯੋਗ ਹੁੰਦੇ ਨਾਵਾਂ ਨੂੰ ਵਰਤਦੇ ਹੋਏ ਪਾਰਬ੍ਰਹਮ ਨਾਲ ਜੁੜਦੇ ਹਨ ਅਤੇ ਮਨੁੱਖਤਾ ਨੂੰ ਉਪਦੇਸ਼ ਬਖਸ਼ਿਸ਼ ਕਰਦੇ ਹਨ। ਇਸ ਪਾਵਨ ਸ਼ਬਦ ਵਿਚ ਗੁਰੂ ਜੀ ਨੇ ਪਨਹੀ (ਜੁੱਤੀ) ਮਨੁੱਖ ਦੇ ਸਰੀਰ ਨੂੰ ਕਿਹਾ ਹੈ। ਪੂਰੇ ਸ਼ਬਦ ਦੇ ਅਰਥ ਇਸ ਪ੍ਰਕਾਰ ਹਨ -

- ਮੈਂ ਸਰੀਰ ਰੂਪੀ ਜੁੱਤੀ ਨੂੰ ਸੰਸਾਰਕ ਪਦਾਰਥਾਂ ਅਤੇ ਵਿਕਾਰਾਂ ਨਾਲ ਗੰਢਣਾ ਨਹੀਂ ਜਾਣਦਾ, ਪਰ ਅਨਜਾਣ ਲੋਕ ਮੇਰੇ ਕੋਲੋਂ ਆਪਣੀ ਸਰੀਰ ਰੂਪੀ ਜੁੱਤੀ ਨੂੰ ਇਸ ਮੋਹ-ਮਾਇਆ ਨਾਲ ਗੰਢਾਉਣ ਲਈ ਆਉਂਦੇ ਹਨ। ਪਰ ਮੈਂ ਤਾਂ ਕੇਵਲ ਪ੍ਰਭ ਨਾਲ ਗੰਢ ਪਾਉਣ ਦਾ ਧੰਦਾ ਹੀ ਕਰਦਾ ਹਾਂ॥ ਰਹਾਉ॥੧॥
- ਮੇਰੇ ਕੋਲ ਤੀਖਣ ਬੁੱਧੀ ਵਾਲੀ ਆਰ ਨਹੀਂ ਜਿਸ ਨਾਲ ਮੈਂ ਦੂਜਿਆਂ ਨੂੰ ਧੋਖੇ ਵਿਚ ਰੱਖ ਸਕਾਂ ਅਤੇ

ਨਾ ਹੀ ਮੇਰੇ ਕੋਲ ਰੰਬੀ ਹੈ ਜਿਸ ਨਾਲ ਮੈਂ ਟਾਕੀਆਂ ਲਾਵਾਂ ਭਾਵ ਦੂਜਿਆਂ ਦੀ ਲੁੱਟ-ਖਸੁੱਟ ਕਰਕੇ ਉਪਰ ਧੋਖੇਬਾਜ਼ੀ ਦਾ ਪਰਚਾ ਪਾ ਸਕਾਂ ॥੧॥

– ਲੋਕ ਆਪਣੇ ਪਦਾਰਥਕ ਲਾਲਚਾਂ ਲਈ ਇਕ-ਦੂਜੇ ਨਾਲ ਗੰਢ-ਤੁਪ ਕਰਕੇ ਧੋਖੇਬਾਜ਼ੀਆਂ ਕਰਦੇ ਵਿਕਾਰਾਂ ਵਿਚ ਫਸੇ ਹੋਏ ਖੁਆਰੀ ਭਰਿਆ ਜੀਵਨ ਜਿਉ ਰਹੇ ਹਨ ॥੨॥



– ਪ੍ਰੰਤੂ ਮੈਂ ਇਨ੍ਹਾਂ ਵਿਕਾਰਾਂ ਤੋਂ ਨਿਰਲੇਪ ਹਾਂ ਤੇ ਪ੍ਰਭ ਦੀ ਬੰਦਗੀ ਕਰਦਾ ਹਾਂ। ਇਸ ਕਰਕੇ ਮੇਰਾ ਜਮਾਂ ਨਾਲ ਕੋਈ ਵਾਸਤਾਂ ਨਹੀਂ ਹੈ ॥੩॥

ਸੋ ਸਪੱਸ਼ਟ ਹੈ ਕਿ ਗੁਰੂ ਜੀ ਇਸ ਪਾਵਨ ਸ਼ਬਦ ਵਿਚ ਸੰਸਾਰਿਕ ਪਦਾਰਥਾਂ ਅਤੇ ਵਿਕਾਰਾਂ ਵਿਚ ਫਸੇ ਮਨੁੱਖ ਦੀ ਸਰੀਰ ਰੂਪੀ ਜੁੱਤੀ ਨੂੰ ਗੰਢਣ-ਤੁਪਣ ਦੀ ਗੱਲ ਕਰ ਰਹੇ ਹਨ।

ਚਰਨਜੀਤ ਸਿੰਘ ਬਿਨਪਾਲਕੇ
ਪਿੰਡ : ਬਿਨਪਾਲਕੇ (ਜਲੰਧਰ)
98148-39944

# ਮਾਨੁਖਾ ਅਵਤਾਰ ਦੁਲਭ

ਇਸ ਸੰਸਾਰ 'ਤੇ ਲੱਖਾਂ ਕਿਸਮਾਂ ਦੇ ਜੀਵਾਂ ਦਾ ਵਾਸਾ ਹੈ ਜਿਨ੍ਹਾਂ ਵਿਚੋਂ ਮਨੁੱਖ ਵੀ ਇਕ ਹੈ। ਪ੍ਰੰਤੂ ਮਨੁੱਖ ਦੀ ਬਣਤਰ ਦੂਜੇ ਜੀਵਾਂ ਤੋਂ ਅਨੋਖੀ ਹੈ। ਦੂਸਰੇ ਜੀਵ ਵੀ ਮਨੁੱਖ ਵਾਂਗ ਚਲਦੇ-ਫਿਰਦੇ ਹਨ, ਕੁੱਝ ਹੱਦ ਤੱਕ ਬੋਲਦੇ ਅਤੇ ਦਿਮਾਗ, ਬੁੱਧੀ ਵੀ ਰੱਖਦੇ ਹਨ ਪ੍ਰੰਤੂ ਮਨੁੱਖ ਵਿਚ ਇਨ੍ਹਾਂ ਜੀਵ ਤੋਂ ਅਲੱਗ ਮਨੁੱਖੀ ਕਿਸਮ ਦਾ ਦਿਮਾਗ ਵਿਕਸਤ ਹੈ। ਇਸ ਕਰਕੇ ਮਨੁੱਖ ਦੂਸਰੇ ਸਭ ਜੀਵਾਂ ਤੋਂ ਉਤਮ ਜੀਵ ਹੈ। ਇਸ ਬਾਬਤ ਸ੍ਰੀ ਗੁਰੂ ਰਵਿਦਾਸ ਜੀ ਦੇ ਰਾਗ ਆਸਾ ਵਿਚ ਬੜੇ ਸੁੰਦਰ ਬਚਨ ਹਨ-

**ਤ੍ਰਿਗਦ ਜੋਨਿ ਅਚੇਤ ਸੰਭਵ, ਪੁੰਨ ਪਾਪ ਅਸੋਚ ॥**

**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥**

ਭਾਵ-ਤ੍ਰਿਗਦ ਜੂਨਾਂ (ਮਨੁੱਖਾ ਨੂੰ ਛੱਡ ਕੇ ਬਾਕੀ ਜੀਵ) ਅਚੇਤ (ਥੋੜ੍ਹੀ ਅਕਲ) ਹੋਣ ਕਰਕੇ ਸਮਝ ਬੂਝ ਤੋਂ ਕੋਰੀਆਂ ਹਨ। ਸੰਭਵਤ ਵਿਚਾਰਹੀਣ ਹੋਣ ਕਰਕੇ ਇਨ੍ਹਾਂ ਨੂੰ ਪੁੰਨ-ਪਾਪ ਭਾਵ ਕੀ ਚੰਗਾ ਅਤੇ ਕੀ ਮਾੜਾ ਦਾ ਗਿਆਨ ਨਹੀਂ ਹੈ, ਪਰ ਐਹ ਮਨੁੱਖ ਤੇਰਾ ਜਨਮ ਤਾਂ ਬੜਾ ਦੁਰਲਭ ਹੈ। ਪ੍ਰੰਤੂ ਤੂੰ ਆਪਣੀ ਸੰਗਤ ਘਟੀਆ, ਮੱਕਾਰ ਅਤੇ ਅਤਿ ਨੀਚ ਵਿਕਾਰਾਂ ਨਾਲ ਕਰ ਲਈ ਹੈ। ਤੂੰ ਇਸ ਦੁਰਲਭ ਬੁੱਧੀ ਨਾਲ ਕੁਝ ਵੀ ਸਮਝਿਆ-ਸੋਚਿਆ ਨਹੀਂ।

ਮਨੁੱਖ ਦਾ ਜੀਵਨ ਬੜਾ ਦੁਰਲਭ ਹੈ – ਭਾਵ ਮਨੁੱਖ ਬੜਾ ਮਹਾਨ ਜੀਵ ਹੈ। ਇਹ ਪ੍ਰਮਾਤਮਾ ਦੀ ਬੜੀ ਅਣਮੁੱਲੀ ਰਚਨਾ ਹੈ। ਪ੍ਰੰਤੂ ਅਫ਼ਸੋਸ ਦੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿਚ ਲੋਕ ਪਸ਼ੂਆਂ ਦੀ ਤਾਂ ਪੂਜਾ ਕਰਦੇ ਹਨ ਪ੍ਰੰਤੂ ਇਕ ਮਨੁੱਖ ਨੂੰ ਸ਼ੂਦਰ, ਅਛੂਤ ਗਰਦਾਨ ਕੇ ਉਸ ਦੇ ਪ੍ਰਛਾਵੇਂ ਤੋਂ ਵੀ ਭਿੱਟੇ ਜਾਂਦੇ ਹਨ। ਪ੍ਰੰਤੂ ਇਸ ਲੇਖ ਵਿਚ ਸਾਡਾ ਮਕਸਦ ਹੈ ਕਿ ਸਤਿਗੁਰੂ ਜੀ ਦੇ ਪਾਵਨ ਬਚਨਾਂ ਦਾ ਸਹਾਰਾਂ ਲੈਂਦੇ ਹੋਏ, ਮਨੁੱਖ ਨੂੰ ਆਪਣੀ ਹੋਂਦ ਭਾਵ ਮਨੁੱਖ ਨੂੰ ਆਪੇ ਦੀ ਪਹਿਚਾਣ ਕਰਾਉਣਾ ਹੈ।

ਸਾਡਾ ਸਰੀਰ ਪ੍ਰਮਾਤਮਾ ਦੀ ਵੱਡਮੁੱਲੀ ਦਾਤ ਹੈ ਪ੍ਰੰਤੂ ਅਸੀਂ ਇਸ ਸੁੰਦਰ ਅਤੇ ਪਵਿੱਤਰ ਸਰੀਰ ਨੂੰ ਸ਼ਰਾਬ, ਤੰਬਾਕੂ, ਡੋਡੇ, ਅਫੀਮ ਅਤੇ ਹੋਰ ਨਸ਼ਿਆਂ ਨਾਲ ਬਰਬਾਦ ਕਰ ਰਹੇ ਹਾਂ। ਇਸ ਸਰੀਰ ਦੇ ਤੰਦਰੁਸਤ ਅੰਗਾਂ ਗੁਰਦੇ, ਲਿਵਰ, ਦਿਲ, ਫੇਫੜੇ ਨੂੰ ਕੈਂਸਰ, ਟੀ.ਬੀ., ਹਾਰਟ ਅਟੈਕ, ਏਡਜ਼ ਵਰਗੀਆਂ ਨਾ ਮੁਰਾਦ ਬੀਮਾਰੀਆਂ ਦੀ ਸੌਗਾਤ ਦੇ ਰਹੇ ਹਾਂ। ਗੁਰਬਾਣੀ ਨੇ ਤਾਂ ਕਿਹਾ ਹੈ ਕਿ **"ਇਸ ਦੇਹੀ ਕਉ ਖੋਜਹਿ ਦੇਵ ਸੋ ਦੇਹੀ ਭਜ ਹਰਿ ਕੀ ਸੇਵ"** ॥ ਸਾਡਾ ਦਿਮਾਗ਼ ਪ੍ਰਭ ਦੀ ਕਿੰਨੀ ਉਚਤਮ ਰਚਨਾ ਹੈ ਪ੍ਰੰਤੂ ਇਸ ਵਿਚ ਅਸੀਂ ਵਿਕਾਰੀ ਅਤੇ ਮਨੁੱਖਤਾ-ਮਾਰੂ ਵਿਚਾਰ ਲਿਆ ਕੇ ਕੁਰਾਹੇ ਪੈ ਰਹੇ ਹਾਂ। ਪੰਜੇ ਵਿਕਾਰ ਸਰੀਰ ਨੂੰ ਖੋਖਲਾ ਕਰ ਰਹੇ ਹਨ। ਬੇਸ਼ੱਕ ਇਹ ਪ੍ਰਮਾਤਮਾ ਦੀ ਦੇਣ ਹਨ ਪਰ ਜੇਕਰ ਕੋਸ਼ਿਸ਼ ਕਰੀਏ ਤਾਂ ਅਸੀਂ ਇਨ੍ਹਾਂ 'ਤੇ ਕਾਬੂ ਪਾ ਸਕਦੇ ਹਾਂ, ਪ੍ਰੰਤੂ ਵਹਿਮ-ਭਰਮ ਅਤੇ ਅੰਧ-ਵਿਸ਼ਵਾਸ ਤਾਂ ਮਨੁੱਖ ਦੀ ਦੇਣ ਹਨ। ਸਤਿਗੁਰਾਂ ਦੇ ਵੱਡਮੁੱਲੇ ਉਪਦੇਸ਼ ਸਾਨੂੰ ਰੋਕ-ਰੋਕ ਕੇ ਇਨ੍ਹਾਂ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਹਨ ਪ੍ਰੰਤੂ ਫਿਰ ਵੀ ਸਾਡੇ 'ਤੇ ਕੋਈ ਅਸਰ ਨਹੀਂ ਹੋ ਰਿਹਾ। ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ -

**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥**



ਐਹ ਮਨੁੱਖ। ਦੂਸਰੀਆਂ ਜੂਨਾਂ ਤੇਰਾ ਪਾਣੀ ਭਰਦੀਆਂ ਹਨ। ਭਾਵ ਤੇਰੇ ਅਧੀਨ ਹਨ ਤੇ ਤੂੰ ਇਸ ਧਰਤੀ 'ਤੇ ਇਨ੍ਹਾਂ ਜੀਵਾਂ ਦਾ ਸਰਦਾਰ ਹੈ। ਪਰ ਦੇਖੋ ਇਹ ਜੀਵਾਂ ਦਾ ਸਰਦਾਰ ਕਰ ਕੀ ਰਿਹਾ ਹੈ? ਇਹ ਸਰਦਾਰ ਆਪਣੇ ਤੋਂ ਹੇਠਲੀਆਂ ਜੂਨਾਂ ਦੀ ਪੂਜਾ ਵਿਚ ਲੱਗਾ ਹੋਇਆ ਇਨ੍ਹਾਂ ਅੱਗੇ ਨੱਕ ਰਗੜ ਰਿਹਾ ਹੈ। ਕੋਈ ਕਿਸੇ ਦਰੱਖ਼ਤ ਜਾਂ ਫੁੱਲ-ਬੂਟੇ ਦੀ ਪੂਜਾ ਵਿਚ ਲੱਗਾ ਹੋਇਆ ਹੈ, ਕੋਈ ਪਸ਼ੂਆਂ ਦੀ ਪੂਜਾ ਵਿਚ, ਕੋਈ ਸੱਪਾਂ ਦੀ ਪੂਜਾ ਵਿਚ ਤੇ ਕੋਈ ਪੱਥਰਾਂ ਅੱਗੇ ਗੋਡੇ ਟੇਕ ਰਿਹਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਹ ਜੂਨਾਂ ਮਨੁੱਖ ਦਾ ਪਾਣੀ ਭਰਦੀਆਂ ਹਨ। ਪੁਰਾਣੇ ਜ਼ਮਾਨੇ ਵਿਚ ਨਲਕੇ, ਟੂਟੀਆਂ, ਟਿਊਬਵੈੱਲ ਕਿੱਥੇ ਹੁੰਦੇ ਸਨ? ਮਿੱਟੀ ਦੇ ਵੱਡੇ ਭਾਂਡਿਆਂ ਵਿਚ ਪਾਣੀ ਭੰਡਾਰ ਭਰਕੇ ਰੱਖਣਾ ਪੈਂਦਾ ਸੀ। ਜਦੋਂ ਕਿਸੇ ਨੂੰ ਸਜ਼ਾ ਦੇਣੀ ਹੋਵੇ ਜਾਂ ਅਧੀਨਗੀ ਕਰਾਉਣੀ ਹੁੰਦੀ ਤਾਂ ਉਸ ਕੋਲੋਂ ਪਾਣੀ ਭਰਾਇਆ ਜਾਂਦਾ ਸੀ। ਸੋ ਗੁਰਬਾਣੀ ਅਨੁਸਾਰ ਸਪੱਸ਼ਟ ਹੈ ਕਿ ਅਸੀਂ ਇਨ੍ਹਾਂ ਦੀ ਪੂਜਾ ਕਰਕੇ ਜਿਥੇ ਆਪਣੀ ਸਰਦਾਰੀ ਮਿੱਟੀ ਘੱਟੇ ਰੋਲ ਰਹੇ ਹਾਂ, ਉਥੇ ਗੁਰੂ ਸਾਹਿਬਾਨਾਂ ਦੇ ਦਰਸਾਏ ਮਾਰਗ ਤੋਂ ਭਟਕ ਰਹੇ ਹਾਂ।

ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵਿਚਾਰ ਨਾਲ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਨੇ ਕੇਵਲ ਅਧਿਆਤਮਕ ਵਿਚਾਰਧਾਰਾ ਹੀ ਨਹੀਂ ਦਿੱਤੀ ਸਗੋਂ ਸਿਧਾਂਤਕ, ਸਮਾਜਿਕ ਵਿਚਾਰਧਾਰਾ ਦੇ ਕੇ ਮਨੁੱਖ ਨੂੰ ਸਿਧਾਂਤਮਈ ਰਾਹ ਪ੍ਰਦਾਨ ਕੀਤਾ ਹੈ। ਸੋ ਸਾਨੂੰ ਅਧਿਆਤਮਕ ਵਿਚਾਰਧਾਰਾ ਜਾਂ ਪ੍ਰਭ ਸਿਮਰਨ ਵਿਚ ਜੁੜਨ ਦੇ ਨਾਲ-ਨਾਲ ਸਤਿਗੁਰੂ ਰਵਿਦਾਸ ਜੀ ਦੇ ਦਰਸਾਏ ਗਾਡੀ ਰਾਹ 'ਤੇ ਆਪਣੇ ਜੀਵਨ ਦੀ

ਗੱਡੀ ਤੋਰਨੀ ਚਾਹੀਦੀ ਹੈ।


ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ ॥
ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ ॥



ਸਤਿਗੁਰੂ ਜੀ ਨੇ ਆਪਣੇ ਸਲੋਕ ਵਿਚ ਇਹ ਅਟੱਲ ਸੱਚਾਈ ਬਿਆਨ ਕੀਤੀ ਹੈ ਕਿ ਜੋ ਵੀ ਮਨੁੱਖ ਵਿਚ ਪਾਰਬ੍ਰਹਮ-ਪ੍ਰਮਾਤਮਾ ਤੋਂ ਬਿਨਾਂ ਕਿਸੇ ਹੋਰ ਤੋਂ ਮੁਕਤੀ ਦੀ ਆਸ ਰੱਖਦਾ ਹੈ, ਉਹ ਨਰਕਾਂ ਨੂੰ ਜਾਵੇਗਾ ਭਾਵ ਮੁਕਤ ਨਹੀਂ ਹੋਵੇਗਾ। ਸੋ ਸਤਿਗੁਰੂ ਜੀ ਦੀ ਅਧਿਆਤਮਕ ਵਿਚਾਰਧਾਰਾ ਨਾਲ ਜੁੜਨ ਤੋਂ ਪਹਿਲਾਂ ਉਨ੍ਹਾਂ ਦੀ ਸਿਧਾਂਤਕ ਵਿਚਾਰਧਾਰਾ ਨੂੰ ਚੰਗੀ ਤਰ੍ਹਾਂ ਗ੍ਰਹਿਣ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਸਤਿਗੁਰੂ ਜੀ ਦੇ ਦਰਸਾਏ ਸਿਧਾਂਤਕ, ਗਾਡੀ ਰਾਹ ਦੇ ਪਾਂਧੀ ਬਣ ਕੇ ਆਪਣੇ ਜੀਵਨ ਨੂੰ ਸਫਲ ਕਰ ਸਕੀਏ।

**ਹਰਜਿੰਦਰਪਾਲ ਵੱਸਣ**
ਪਿੰਡ : ਗੇਹਲੜਾਂ (ਜਲੰਧਰ), ਮੋ. 98725-88620

# ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ ॥





ਇਸ ਪਾਵਨ ਪੰਕਤੀ ਵਿਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਫ਼ੁਰਮਾਉਂਦੇ ਹਨ ਕਿ "ਹੇ ਪ੍ਰਭ ਜੀ! ਮਨੁੱਖਤਾ ਨੇ ਅਬਿਦਿਆ ਭਾਵ ਅਗਿਆਨਤਾ ਨਾਲ ਪਿਆਰ ਪਾਇਆ ਹੋਇਆ ਹੈ, ਇਸ ਕਰਕੇ ਇਸ ਦੀ ਬੁੱਧੀ ਦਾ ਦੀਵਾ ਧੁੰਦਲਾ ਹੋ ਗਿਆ ਹੈ। ਭਾਵ ਮਨੁੱਖ ਲਈ ਕੀ ਚੰਗਾ ਹੈ, ਕੀ ਮਾੜਾ ਹੈ, ਇਸ ਦੀ ਪਹਿਚਾਣ ਨਹੀਂ ਹੈ।" ਮਨੁੱਖ ਅਗਿਆਨਤਾ ਵੱਸ ਹੋ ਕੇ ਅਨੇਕਾਂ ਕਰਮਕਾਂਡਾਂ, ਵਹਿਮਾਂ-ਭਰਮਾਂ, ਗਿਆਨਹੀਣ ਸ਼ਰਧਾ, ਬੇਕਾਰ ਰੀਤੀ-ਰਿਵਾਜ਼ਾਂ ਤੇ ਵਿਕਾਰਾਂ ਵਿਚ ਫਸਿਆ ਹੋਇਆ ਉਸ ਪਾਰਬ੍ਰਹਮ-ਪ੍ਰਮਾਤਮਾ ਦੀ ਵਿਸ਼ਵ-ਵਿਆਪੀ ਵਿਚਾਰਧਾਰਾ ਤੋਂ ਦੂਰ ਬੈਠਾ ਹੈ। ਗੁਰਬਾਣੀ ਅਤੇ ਸਹੀ ਵਿਚਾਰਧਾਰਾ ਦੇ ਲੜ ਲੱਗਣ ਦੀ ਬਜਾਏ ਮਨੁੱਖ ਆਪਣੇ ਮਨ, ਆਪਣੇ ਸਮਾਜ ਦੇ ਮਗਰ ਜ਼ਿਆਦਾ ਲੱਗਦਾ ਹੈ। ਇਸ ਕਰਕੇ ਜਿਵੇਂ ਉਸ ਦਾ ਮਨ ਜਾਂ ਸਮਾਜ ਕਰਦਾ ਹੈ, ਉਸੇ ਤਰ੍ਹਾਂ ਹੀ ਕਰਦਾ ਹੈ। ਬੇਸ਼ੱਕ ਅਸੀਂ ਸ੍ਰੀ ਗੁਰੂ ਰਵਿਦਾਸ ਜੀ ਦੀ ਜੈ-ਜੈ ਕਾਰ ਬਹੁਤ ਜ਼ਿਆਦਾ ਕਰਦੇ ਹਾਂ, ਗੁਰੂ ਜੀ ਦਾ ਜਨਮ ਦਿਨ ਬੜੀ ਸ਼ਾਨੋ ਸ਼ੌਕਤ ਨਾਲ ਮਨਾਉਂਦੇ ਹਾਂ ਪ੍ਰੰਤੂ ਅਸੀਂ ਗੁਰੂ ਜੀ ਦੀ ਬਾਣੀ ਅਤੇ ਵਿਚਾਰਧਾਰਾ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਕੋਸ਼ਿਸ਼ ਨਹੀਂ ਕਰਦੇ ਅਤੇ ਬਹੁਤ ਸਾਰੇ ਕੰਮ ਗੁਰੂ ਜੀ ਦੇ ਹੁਕਮਾਂ ਤੋਂ ਉਲਟ ਕਰਦੇ ਹਾਂ।

ਸਤਿਗੁਰੂ ਜੀ ਦੀ ਬਾਣੀ ਤੇ ਵਿਚਾਰਧਾਰਾ ਬੜੀ ਮਹਾਨ ਹੈ। ਇਹ ਪਾਵਨ ਬਾਣੀ ਜਿੱਥੇ ਮਨੁੱਖ ਨੂੰ ਅਧਿਆਤਮਕਤਾ ਨਾਲ ਜੋੜਦੀ ਹੈ ਉਥੇ ਮਨੁੱਖ ਦਾ ਸਮਾਜਿਕ ਤੇ ਆਰਥਿਕ ਜੀਵਨ ਪੱਧਰ ਵੀ ਉੱਚਾ ਚੁੱਕਦੀ ਹੈ। ਸਾਨੂੰ ਆਪਣੇ ਨਿੱਤ ਦੇ ਸਮਾਜਿਕ ਅਤੇ ਧਾਰਮਿਕ ਕਾਰਜ ਗੁਰੂ ਰਵਿਦਾਸ ਬਾਣੀ ਦਾ ਓਟ

ਆਸਰਾ ਲੈ ਕੇ ਨੇਪਰੇ ਚਾੜ੍ਹਨੇ ਚਾਹੀਦੇ ਹਨ। ਸਾਨੂੰ ਸਵੇਰੇ-ਸ਼ਾਮ ਗੁਰੂ ਜੀ ਦੀ ਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਜੇਕਰ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਦੋ ਸ਼ਬਦ ਜ਼ੁਬਾਨੀ ਚੇਤੇ ਕਰਕੇ ਸਵੇਰੇ-ਸ਼ਾਮ ਨਿਤਨੇਮ ਨਾਲ ਪੜ੍ਹਨੇ ਚਾਹੀਦੇ ਹਨ। ਦਿਨ ਵਿਚ ਜਦ ਵੀ ਵਿਹਲ ਮਿਲੇ ਤਾਂ ਮਨ ਨੂੰ ਇਕਾਗਰ ਕਰਕੇ ਸਤਿਨਾਮ-ਸਤਿਨਾਮ ਦਾ ਜਾਪ ਕਰਨਾ ਚਾਹੀਦਾ ਹੈ।

ਇਸ ਲੇਖ ਵਿਚ ਦਿੱਤੀ ਅੰਮ੍ਰਿਤ ਰਸਨਾ ਗੁਟਕਾ ਸਾਹਿਬ ਦੀ ਤਸਵੀਰ ਗੁਰੂ ਜੀ ਦੀ ਬਾਣੀ ਦੇ 40 ਸ਼ਬਦ ਅਤੇ ਇਕ ਸਲੋਕ ਦੀ ਹੈ ਜੋ ਕਿ ਵਿਆਖਿਆ ਸਹਿਤ ਹੈ। ਇਹ ਇਸ ਤਰੀਕੇ ਨਾਲ ਤਿਆਰ ਕੀਤਾ ਗਿਆ ਹੈ ਕਿ ਇਸ ਤੋਂ ਤੁਸੀਂ ਨਿਤਨੇਮ ਅਤੇ ਗੁਰਬਾਣੀ ਦਾ ਵਿਚਾਰ (ਵਿਆਖਿਆ) ਬਹੁਤ ਆਸਾਨੀ ਨਾਲ ਕਰ ਸਕਦੇ ਹੋ। ਇਸ ਵਿਚ 13 ਰੰਗਦਾਰ ਤਸਵੀਰਾਂ ਹਨ ਜਿਨ੍ਹਾਂ ਰਹਿਬਰਾਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ, ਉਨ੍ਹਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਦੇ ਸ਼ਬਦ ਦਰਜ ਹਨ। ਪੰਜਾਬ ਦੇ ਸ੍ਰੀ ਗੁਰੂ ਰਵਿਦਾਸ ਚਰਨ ਛੋਹ ਪ੍ਰਾਪਤ 4 ਅਸਥਾਨਾਂ ਦੀਆਂ ਨਵੀਨਤਮ ਤਸਵੀਰਾਂ ਅਤੇ ਉਨ੍ਹਾਂ ਦਾ ਇਤਿਹਾਸ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰੂ ਜੀ ਦਾ ਸੰਖੇਪ ਜੀਵਨ ਅਤੇ ਵਿਚਾਰਧਾਰਾ ਅੰਕਿਤ ਹੈ। ਸੋ ਇਹ ਬਹੁਤ ਵਧੀਆ ਜਿਲਦ ਵਾਲਾ, ਬੜਾ ਸੁੰਦਰ ਤੇ ਗਿਆਨ ਭਰਪੂਰ ਸਟੀਕ ਹੈ।

ਆਪਣੇ ਧਾਰਮਿਕ ਸਮਾਗਮਾਂ 'ਤੇ ਇਹ ਗੁਟਕਾ ਸਾਹਿਬ ਸਨਮਾਨ ਵਜੋਂ ਦਿੱਤਾ ਜਾ ਸਕਦਾ ਹੈ। ਇਸ ਦਾ ਲਾਭ ਇਹ ਹੋਵੇਗਾ ਕਿ ਸਨਮਾਨ ਪ੍ਰਾਪਤ ਕਰਨ ਵਾਲਾ ਇਸ ਨੂੰ ਆਪਣੇ ਘਰ ਲਿਜਾਵੇਗਾ ਤੇ ਉਹ ਆਪ ਜਾਂ ਉਸ ਦੇ ਪਰਿਵਾਰਕ ਮੈਂਬਰ ਇਸ ਨੂੰ ਜ਼ਰੂਰ ਪੜ੍ਹਨਗੇ। ਆਪਣੇ ਦੋਸਤਾਂ-ਮਿੱਤਰਾਂ ਨੂੰ ਇਹ ਤੋਹਫ਼ੇ ਦੇ ਤੌਰ 'ਤੇ ਦਿਓ। ਬੱਚਿਆਂ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਭੇਟ ਕਰੋ। ਕੁਝ ਬੱਚਿਆਂ ਨੂੰ ਇਕੱਠੇ ਕਰਕੇ ਇਹ ਗੁਟਕਾ ਸਾਹਿਬ ਦਿਓ। ਉਨ੍ਹਾਂ ਦੀਆਂ 3-4 ਕਲਾਸਾਂ ਲਗਾ ਕੇ ਇਹ ਬਾਣੀ ਪੜ੍ਹਨੀ ਸਿਖਾਈ ਜਾ ਸਕਦੀ ਹੈ। ਛੋਟੇ ਬੱਚਿਆਂ ਦਾ ਮਨ ਕੋਰੇ ਕਾਗ਼ਜ਼ ਵਾਂਗ ਹੁੰਦਾ ਹੈ ਇਸ ਕਰਕੇ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਗੁਰੂ ਰਵਿਦਾਸ ਬਾਣੀ ਅਤੇ ਵਿਚਾਰਧਾਰਾ ਦੇ ਲੜ ਲਾਈਏ ਤਾਂ ਕਿ ਵੱਡੇ ਹੋ ਕੇ ਨਸ਼ਿਆਂ ਅਤੇ ਹੋਰ ਕੁਰੀਤੀਆਂ ਤੋਂ ਬਚੇ ਰਹਿਣ। ਜੇਕਰ ਤੁਸੀਂ ਇਹ ਗੁਟਕਾ ਸਾਹਿਬ ਸੰਗਤਾਂ ਨੂੰ ਮੁਫ਼ਤ ਵੰਡਣੇ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 20 ਰੁਪਏ ਦੇ ਹਿਸਾਬ ਨਾਲ ਮਿਲ ਸਕਦਾ ਹੈ। ਜਿੰਨੇ ਗੁਟਕਾ ਸਾਹਿਬ ਤੁਸੀਂ ਲੈਂਦੇ ਹੋ, ਉਸ ਵਿਚ ਤੁਹਾਡੇ ਨਗਰ ਦੇ ਗੁਰੂ ਘਰ ਦੀ ਫੋਟੋ ਤੇ ਜਾਣਕਾਰੀ, ਪਿੰਡ ਜਾਂ ਤੁਹਾਡੀ ਸੰਸਥਾ ਦੀ ਜਾਣਕਾਰੀ ਅਤੇ ਗਤੀਵਿਧੀਆਂ ਪ੍ਰਕਾਸ਼ਿਤ ਕੀਤੀਆਂ ਜਾ ਸਕਦੀਆਂ ਹਨ। ਤੁਸੀਂ ਘਰ ਬੈਠੇ ਹੀ ਡਾਕ ਪਾਰਸਲ (ਵੀ.ਪੀ.ਪੀ.) ਰਾਹੀਂ 100 ਰੁਪਏ ਵਿਚ 3 ਗੁਟਕਾ ਸਾਹਿਬ ਮੰਗਵਾ ਸਕਦੇ ਹੋ। ਇਸ ਵਾਸਤੇ ਸੰਸਥਾ ਦੇ ਦਿੱਤੇ ਮੋਬਾਇਲ ਨੰਬਰ - 98148-39944 'ਤੇ ਸੰਪਰਕ ਕਰੋ ਜੀ।



ਮਨਜੀਤ ਸਿੰਘ

ਪਿੰਡ ਚਖਿਆਰਾ (ਜਲੰਧਰ), ਮੋ. 94178-91666

## ਸੰਸਥਾ ਨੂੰ ਸਹਿਯੋਗ ਦੀ ਬੇਨਤੀ

**SRI GURU RAVIDASS MISSION PARCHAR SANSTHA PUNJAB (REGD.)**
**V.P.O. BINPALKE, VIA. BHOGPUR, DISTT. JALANDHAR.**
**ACCOUNT NO. 32717505525, CIF NO. 86549122040, STATE BANK OF INDIA, BHOGPUR = 10122**

## ਸਿਧਾਂਤਕ ਉਪਦੇਸ਼ਾਂ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 636ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਪ੍ਰਚਾਰਕ ਕਮੇਟੀ ਬਲਾਕ ਆਦਮਪੁਰ

# ਤੀਸਰੀ ਮਹਾਨ ਸ਼ੋਭਾ ਯਾਤਰਾ

**ਮਿਤੀ 21 ਫਰਵਰੀ 2013 ਦਿਨ ਵੀਰਵਾਰ**



ਪ੍ਰਧਾਨ ਸ੍ਰੀ ਸੋਹਣ ਲਾਲ ਜੱਸੀ
ਮੋ. 98157-97548

ਸਕੱਤਰ ਸ੍ਰੀ ਨਸੀਬ ਸਿੰਘ
ਮੋ. 94782-97504

ਖਜ਼ਾਨਚੀ ਸ੍ਰੀ ਤਿਲਕ ਰਾਜ
ਮੋ. 98158-59337

---

ਇਨਕਲਾਬੀ ਰਹਿਨੁਮਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 636ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

## ਸ੍ਰੀ ਗੁਰੂ ਰਵਿਦਾਸ ਟੈਕਨੀਕਲ ਐਜੂਕੇਸ਼ਨਲ ਅਕੈਡਮੀ

ਮੇਨ ਰੋਡ, ਆਦਮਪੁਰ ਦੁਆਬਾ (ਜਲੰਧਰ)
ਫ਼ੋਨ - 94646-78678, 98143-43456

**ਵਿਸ਼ੇਸ਼ਤਾਵਾਂ -**

* ਯੋਗ ਅਤੇ ਤਜ਼ਰਬੇਕਾਰ ਸਟਾਫ਼
* ਘੱਟ ਖਰਚ ਵਿਚ ਵਧੀਆ ਸਿੱਖਿਆ
* 5 ਤੋਂ 7 ਵਿਦਿਆਰਥੀਆਂ ਦਾ ਬੈਚ
* ਵਿਦਿਆਰਥੀਆਂ ਦੀ ਲੋੜ ਅਨੁਸਾਰ ਨਵੇਂ-ਨਵੇਂ ਤਰੀਕਿਆਂ ਨਾਲ ਪੜ੍ਹਾਇਆ ਜਾਂਦਾ ਹੈ।
* ਹਫ਼ਤਾਵਾਰੀ ਮੌਕ ਟੈਸਟ
* ਲੜਕੀਆਂ ਵਾਸਤੇ ਅਲੱਗ ਬੈਚ ਦੀ ਸੁਵਿਧਾ

ਨੋਟ - ਸੰਸਥਾ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਮੁਫ਼ਤ ਟ੍ਰੇਨਿੰਗ ਦਿੱਤੀ ਜਾਂਦੀ ਹੈ।

---

ਪੂਰਨ ਸਮਾਜਵਾਦ ਦੇ ਮੋਢੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 636ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

# Satnam
## Photo Studio

*Life Story Video,*
*Digital Wedding Photographi*
*Photo Montages,*
*Krizma Album,*
*Portfolio Etc.*



Adda Behram Sarishta (Jal.)
Ph.: 98762-57216, M.: 98786-34061

---

ਵਿਸ਼ਵ ਸਾਂਝੀਵਾਲਤਾ ਦੇ ਪੁੰਜ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 636ਵੇਂ ਜਨਮ ਦਿਵਸ ਦੀ ਲੱਖ-ਲੱਖ ਵਧਾਈ

# ਕੇਤਨ
## ਡਿਜ਼ੀਟਲ ਸਟੂਡਿਓ



ਸਰਕਾਰੀ ਸੀਨੀਅਰ ਸੈਕੰਡਰੀ ਸਕੂਲ
ਅੰਬਾਲਾ ਜੱਟਾਂ ਨੇੜੇ ਗੜ੍ਹਦੀਵਾਲ
ਜ਼ਿਲ੍ਹਾ ਹੁਸ਼ਿਆਰਪੁਰ ਮੋ. 94630-12486

---

ਅਗੰਮੀ ਬਾਣੀ ਦੇ ਰਚੇਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ
ਦੇ 636ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

## City Dental Clinic & Implant Centre

**Dr. Harinder Pal Singh**
B.D.S. (Pb.) M.I.D.A.
ORO Dental Surgeon


Backside Co-op. Bank, G.T. Road, Bhogpur, Jal.
Tel: Clinic 0181-5060006, M: 98154-57443
Email: citydentcure@yahoo.com

---

ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 636ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ

ESTD. 1938
## M/s Shanker Dass & Sons
## ਨਿਊ ਸ਼ੰਕਰ ਦਾਸ ਐਂਡ ਸੰਨਜ਼ ਬੋਲੀਨਾ ਵਾਲੇ






ਨੋਟ- ਇਥੇ ਹਰਿ, ਸੋਹੰ, ਓਂਕਾਰ, ਸ਼ਬਦ ਦੇ ਲੋਕੇਟ ਉਪਲਬਧ ਹਨ।

ਨੋਟਿਸ- ਇਸ ਤੋਂ ਇਲਾਵਾ ਸਾਡੀ ਕੋਈ ਬ੍ਰਾਂਚ ਨਹੀਂ, ਧੋਖੇਬਾਜ਼ਾਂ ਤੋਂ ਬਚੋ।

Lal Bazar, Jalandhar City 1444001 Tel: 0181-2212832, 2281732 Mobile: 98762-22026, 98883-67861, 98889-99001




ਸ੍ਰੀ ਗੁਰੂ ਰਵਿਦਾਸ ਜੀ ਦੇ ਦਰਬਾਰ ਵਿਚ ਰਾਜੇ-ਰਾਣੀਆਂ ਅਤੇ ਹੋਰ ਸੰਗਤਾਂ ਸਤਸੰਗ ਸਰਵਣ ਕਰਦੀਆਂ ਹੋਈਆਂ